ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/1948995821245311/

YouTube https://youtu.be/LQwolgxDu7I

awazeqaumtvpunjab@gmail.com

ਮੰਗਲਵਾਰ, 29 ਅਪ੍ਰੈਲ 2025 (ਨਾਨਕਸ਼ਾਹੀ ਸੰਮਤ : ੫੫੭, ੧੭ ਵੈਸਾਖ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਭਾਜਪਾ ਆਗੂ ਘਰ ਗ੍ਰਨੇਡ ਹਮਲਾ ਕਰਨ ਵਾਲੇ ਨੂੰ ਭੇਜਿਆ ਜੁਡੀਸ਼ੀਅਲ ਹਿਰਾਸਤ, ਹੁਣ ਸੀਬੀਆਈ ਕੋਰਟ ਹੋਵੇਗੀ ਪੇਸ਼ੀ




**ਜਲੰਧਰ, 28 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਜਲੰਧਰ ਸੈਂਟਰਲ ਟਾਊਨ ਦੇ ਰਹਿਣ ਵਾਲੇ ਭਾਜਪਾ ਦੇ ਸਾਬਕਾ ਵਿਧਾਇਕ ਅਤੇ ਮੰਤਰੀ ਪੰਜਾਬ ਮਨੋਰੰਜਨ ਕਾਲੀਆ ਦੇ ਘਰ ਹੋਏ ਗਰਨੇਡ ਹਮਲੇ ਦੇ ਮਾਮਲੇ ਵਿੱਚ ਦਿੱਲੀ ਤੋਂ ਗ੍ਰਿਫਤਾਰ ਕੀਤੇ ਗਏ ਮੁੱਖ ਦੋਸ਼ੀ ਸੈਦੁਲ ਅਮੀਨ ਦਾ ਅੱਠ ਦਿਨ ਦਾ ਰਿਮਾਂਡ ਖਤਮ ਹੋਣ ਤੋਂ ਬਾਅਦ ਅੱਜ ਉਸ ਨੂੰ ਏਸੀਜੇਐੱਮ ਮਿਸ ਹਰਪ੍ਰੀਤ ਕੋਰ ਦੀ ਅਦਾਲਤ ਵਿੱਚ ਭਾਰੀ ਪੁਲਸ ਫੋਰਸ ਦੀ ਨਿਗਰਾਨੀ ਹੇਠ ਪੇਸ਼ ਕੀਤਾ ਗਿਆ। ਜਿੱਥੇ ਅਦਾਲਤ ਨੇ ਉਸ ਨੂੰ 14 ਦਿਨਾ ਲਈ ਜੁਡੀਸ਼ੀਅਲ ਹਿਰਾਸਤ ਵਿੱਚ ਭੇਜੇ ਜਾਣ ਦਾ ਹੁਕਮ ਸੁਣਾਇਆ ਹੈ। ਇੱਥੇ ਜ਼ਿਕਰਯੋਗ ਹੈ ਕਿ ਹੁਣ ਇਸ ਮਾਮਲੇ ਵਿੱਚ ਦੋਸ਼ੀ ਦੀ ਪੇਸ਼ੀ ਐੱਨਆਈਏ (ਨੈਸ਼ਨਲ ਇੰਨਵੇਸਟੀਗੇਸ਼ਨ ਅਜੈਂਸੀ) ਸ਼ਪੈਸ਼ਲ ਅਦਾਲਤ ਸੀਬੀਆਈ ਮੋਹਾਲੀ ਵਿਖੇ ਹੀ ਪੇਸ਼ੀ ਹੋਵੇਗੀ।

## ਪਾਕਿਸਤਾਨ 'ਚ ਜ਼ਬਰਦਸਤ ਬੰਬ ਧਮਾਕਾ !

# 7 ਲੋਕਾਂ ਨੇ ਗਵਾਈ ਜਾਨ, ਕਈ ਜ਼ਖ਼ਮੀ

**ਇਸਲਾਮਾਬਾਦ, 28 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਹੁਣ ਪਾਕਿਸਤਾਨ ਵਿੱਚ ਬੰਬ ਧਮਾਕੇ ਹੋਣੇ ਸ਼ੁਰੂ ਹੋ ਗਏ ਹਨ। ਤਾਜ਼ਾ ਘਟਨਾਕ੍ਰਮ ਵਿੱਚ, ਸੋਮਵਾਰ (28 ਅਪ੍ਰੈਲ, 2025) ਨੂੰ ਉੱਤਰ-ਪੱਛਮੀ ਪਾਕਿਸਤਾਨ ਦੇ ਦੱਖਣੀ ਵਜ਼ੀਰਿਸਤਾਨ ਵਿੱਚ ਇੱਕ ਸਰਕਾਰ ਪੱਖੀ ਸ਼ਾਂਤੀ ਕਮੇਟੀ ਦੇ ਦਫ਼ਤਰ ਦੇ ਬਾਹਰ ਇੱਕ ਵੱਡੇ ਬੰਬ ਧਮਾਕੇ ਵਿੱਚ ਘੱਟੋ-ਘੱਟ ਸੱਤ ਲੋਕ ਮਾਰੇ ਗਏ ਅਤੇ 16 ਹੋਰ ਜ਼ਖਮੀ ਹੋ ਗਏ। ਇਹ ਧਮਾਕਾ ਦੱਖਣੀ ਵਜ਼ੀਰਿਸਤਾਨ ਜ਼ਿਲ੍ਹੇ ਦੇ ਮੁੱਖ ਕਸਬੇ ਵਾਨਾ ਵਿੱਚ ਹੋਇਆ, ਜਿਸਨੂੰ ਕਦੇ ਪਾਕਿਸਤਾਨੀ ਤਾਲਿਬਾਨ ਦਾ ਗੜ੍ਹ ਮੰਨਿਆ ਜਾਂਦਾ ਸੀ। ਨਿਊਜ਼ ਏਜੰਸੀ ਦ ਐਸੋਸੀਏਟਿਡ ਪ੍ਰੈਸ ਨੇ ਸਥਾਨਕ ਪੁਲਿਸ ਮੁਖੀ ਉਸਮਾਨ ਵਜ਼ੀਰ ਦੇ ਹਵਾਲੇ ਨਾਲ ਕਿਹਾ ਕਿ




ਬੰਬ ਨੇ ਖਾਸ ਤੌਰ 'ਤੇ ਸ਼ਾਂਤੀ ਕਮੇਟੀ ਦਫ਼ਤਰ ਨੂੰ ਨਿਸ਼ਾਨਾ ਬਣਾਇਆ, ਜੋ ਕਿ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਦਾ ਖੁੱਲ੍ਹ ਕੇ ਵਿਰੋਧ ਕਰਦਾ ਹੈ। ਇਹ ਕਮੇਟੀ ਸਥਾਨਕ ਵਿਵਾਦਾਂ ਨੂੰ ਸੁਲਝਾਉਣ ਵਿੱਚ ਵੀ ਭੂਮਿਕਾ ਨਿਭਾਉਂਦੀ ਹੈ। ਪੁਲਿਸ ਅਧਿਕਾਰੀਆਂ ਨੇ ਧਮਾਕੇ ਨੂੰ ਬਹੁਤ ਸ਼ਕਤੀਸ਼ਾਲੀ ਦੱਸਿਆ, ਜਿਸ ਕਾਰਨ ਮੌਕੇ 'ਤੇ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਹੋਇਆ। ਫਿਲਹਾਲ ਕਿਸੇ ਵੀ ਸਮੂਹ ਨੇ ਹਮਲੇ ਦੀ ਜ਼ਿੰਮੇਵਾਰੀ ਨਹੀਂ ਲਈ ਹੈ। ਹਾਲਾਂਕਿ, ਸਿਰਫ਼ ਟੀਟੀਪੀ 'ਤੇ ਹੀ ਸ਼ੱਕ ਜ਼ਾਹਰ ਕੀਤਾ ਜਾ ਰਿਹਾ ਹੈ। ਇਹ ਅਕਸਰ ਸੁਰੱਖਿਆ ਬਲਾਂ, ਨਾਗਰਿਕਾਂ ਅਤੇ ਉਨ੍ਹਾਂ ਸੰਗਠਨਾਂ ਨੂੰ ਨਿਸ਼ਾਨਾ ਬਣਾਉਂਦਾ ਹੈ ਜਿਨ੍ਹਾਂ ਨੂੰ ਪਾਕਿਸਤਾਨੀ ਰਾਜ ਨਾਲ ਸਹਿਯੋਗ ਕਰਨ ਵਾਲੇ ਸਮਝਿਆ ਜਾਂਦਾ ਹੈ। ਪਾਕਿਸਤਾਨੀ ਤਾਲਿਬਾਨ ਇੱਕ ਵੱਖਰਾ ਸੰਗਠਨ ਹੋ ਸਕਦਾ ਹੈ, ਪਰ ਇਸਦੇ ਅਜੇ ਵੀ ਅਫਗਾਨ ਤਾਲਿਬਾਨ ਨਾਲ ਬਹੁਤ ਚੰਗੇ ਸਬੰਧ ਹਨ, ਅਤੇ 2021 ਵਿੱਚ ਅਮਰੀਕੀ ਅਤੇ ਨਾਟੋ ਫੌਜਾਂ ਦੀ ਵਾਪਸੀ ਤੋਂ ਬਾਅਦ ਤਾਲਿਬਾਨ ਨੇ ਅਫਗਾਨਿਸਤਾਨ ਵਿੱਚ ਸੱਤਾ ਸੰਭਾਲ ਲਈ ਸੀ। ਇਹ ਧਮਾਕਾ ਪਾਕਿਸਤਾਨੀ ਫੌਜ ਵੱਲੋਂ ਉੱਤਰੀ ਵਜ਼ੀਰਿਸਤਾਨ ਜ਼ਿਲ੍ਹੇ ਵਿੱਚ ਇੱਕ ਮੁਹਿੰਮ ਦੌਰਾਨ 54 ਅੱਤਵਾਦੀਆਂ ਨੂੰ ਮਾਰਨ ਦੇ ਐਲਾਨ ਤੋਂ ਇੱਕ ਦਿਨ ਬਾਅਦ ਹੋਇਆ ਹੈ। ਉਨ੍ਹਾਂ ਅੱਤਵਾਦੀਆਂ ਨੇ ਅਫਗਾਨਿਸਤਾਨ ਤੋਂ ਪਾਕਿਸਤਾਨ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਸੀ। ਇਸ ਦੇ ਨਾਲ ਹੀ ਪਾਕਿਸਤਾਨ-ਅਫਗਾਨਿਸਤਾਨ ਸਰਹੱਦ 'ਤੇ ਲੰਬੇ ਸਮੇਂ ਤੋਂ ਅਸਥਿਰਤਾ ਦਾ ਮਾਹੌਲ ਬਣਿਆ ਹੋਇਆ ਹੈ।

## 'ਦਰਜਨਾਂ ਵਿਸ਼ਵ ਨੇਤਾਵਾਂ ਨੂੰ ਫੋਨ, 100 ਡਿਪਲੋਮੈਟਾਂ ਨੂੰ ਬ੍ਰੀਫਿੰਗ... ਪਾਕਿਸਤਾਨ 'ਤੇ ਹਮਲਾ ਕਰਨ ਦੀ ਤਿਆਰੀ ਕਰ ਰਿਹਾ ਭਾਰਤ'

**ਨਵੀਂ ਦਿੱਲੀ, 28 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਜੰਮੂ-ਕਸ਼ਮੀਰ ਵਿੱਚ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਚੁੱਪ ਨਹੀਂ ਰਹੇਗਾ ਤੇ ਪਾਕਿਸਤਾਨ 'ਤੇ ਜ਼ਰੂਰ ਹਮਲਾ ਕਰੇਗਾ। ਅਮਰੀਕੀ ਅਖ਼ਬਾਰ ਦ ਨਿਊਯਾਰਕ ਟਾਈਮਜ਼ ਨੇ ਚਾਰ ਡਿਪਲੋਮੈਟਾਂ ਦੇ ਹਵਾਲੇ ਨਾਲ ਇਹ ਦਾਅਵਾ ਕੀਤਾ ਹੈ। ਨਿਊਯਾਰਕ ਟਾਈਮਜ਼ ਦੀ ਰਿਪੋਰਟ ਹੈ ਕਿ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਜ਼ਾਲਮ ਅੱਤਵਾਦੀ ਹਮਲੇ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦਰਜਨਾਂ ਵਿਸ਼ਵ ਨੇਤਾਵਾਂ ਨਾਲ ਗੱਲ ਕੀਤੀ ਤੇ ਇਸ ਕਾਲ ਦਾ ਉਦੇਸ਼ ਵਿਸ਼ਵ ਨੇਤਾਵਾਂ ਨੂੰ ਇਹ ਦੱਸਣਾ ਸੀ ਕਿ ਭਾਰਤ ਪਾਕਿਸਤਾਨ ਵਿਰੁੱਧ ਕੀ ਕਾਰਵਾਈ ਕਰਨ ਜਾ ਰਿਹਾ ਹੈ। ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਪਹਿਲਗਾਮ ਹਮਲੇ ਤੋਂ ਬਾਅਦ ਭਾਰਤੀ ਵਿਦੇਸ਼ ਮੰਤਰਾਲੇ ਵੱਲੋਂ ਦਿੱਲੀ ਵਿੱਚ 100 ਮਿਸ਼ਨਾਂ ਦੇ ਡਿਪਲੋਮੈਟਾਂ ਨੂੰ ਵੀ ਬ੍ਰੀਫਿੰਗ ਲਈ ਬੁਲਾਇਆ ਗਿਆ ਸੀ। ਪਹਿਲਗਾਮ ਵਿੱਚ 26 ਮਾਸੂਮ ਲੋਕਾਂ ਦੇ ਕਤਲ ਦੀ ਇਸ ਘਟਨਾ ਨੇ ਪੂਰੇ ਭਾਰਤ ਵਿੱਚ ਗੁੱਸੇ ਦਾ ਮਾਹੌਲ ਪੈਦਾ ਕਰ ਦਿੱਤਾ ਹੈ ਤੇ ਸਰਕਾਰ ਨੂੰ ਪਾਕਿਸਤਾਨ ਵਿਰੁੱਧ ਸਖ਼ਤ ਕਾਰਵਾਈ ਕਰਨੀ ਪਈ ਹੈ। ਨਿਊਯਾਰਕ ਟਾਈਮਜ਼ ਦੀ ਰਿਪੋਰਟ ਦੇ ਅਨੁਸਾਰ, ਪ੍ਰਧਾਨ ਮੰਤਰੀ ਮੋਦੀ ਨੇ ਵਿਸ਼ਵ ਨੇਤਾਵਾਂ ਨੂੰ ਇਸ ਲਈ ਨਹੀਂ ਬੁਲਾਇਆ ਕਿਉਂਕਿ ਉਹ ਭਾਰਤ ਅਤੇ ਪਾਕਿਸਤਾਨ ਵਿਚਕਾਰ ਇੱਕ ਖਤਰਨਾਕ ਟਕਰਾਅ ਲਈ ਮਦਦ ਚਾਹੁੰਦੇ ਸਨ। ਡਿਪਲੋਮੈਟਾਂ ਅਨੁਸਾਰ, ਦਿੱਲੀ ਆਪਣੇ ਗੁਆਂਢੀ ਦੇਸ਼ ਵਿਰੁੱਧ ਫੌਜੀ ਕਾਰਵਾਈ ਕਰਨ ਲਈ ਇੱਕ ਕੇਸ ਤਿਆਰ ਕਰ ਰਹੀ ਹੈ। ਰਿਪੋਰਟ ਵਿੱਚ ਬਿਹਾਰ ਦੇ ਮਧੂਬਨੀ ਦੀ ਧਰਤੀ 'ਤੇ ਪਾਕਿਸਤਾਨ ਵਿੱਚ ਬੈਠੇ ਅੱਤਵਾਦੀ ਸਰਗਨਾਵਾਂ ਨੂੰ ਪ੍ਰਧਾਨ ਮੰਤਰੀ ਮੋਦੀ ਵੱਲੋਂ ਦਿੱਤੀ ਗਈ ਚੇਤਾਵਨੀ ਦਾ ਵੀ ਜ਼ਿਕਰ ਹੈ। ਇਸ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਪੂਰਾ ਭਾਸ਼ਣ ਹਿੰਦੀ ਵਿੱਚ ਦਿੱਤਾ, ਪਰ ਜਿਵੇਂ ਹੀ ਪੂਰੀ ਦੁਨੀਆ ਨੂੰ ਸੰਦੇਸ਼ ਦੇਣ ਦੀ ਗੱਲ ਆਈ, ਉਨ੍ਹਾਂ ਨੇ ਅੰਗਰੇਜ਼ੀ ਭਾਸ਼ਾ ਦੀ ਵਰਤੋਂ ਕੀਤੀ ਤਾਂ ਜੋ ਉਨ੍ਹਾਂ ਦਾ ਸੰਦੇਸ਼ ਦੁਨੀਆ ਤੱਕ ਸਪਸ਼ਟ ਅਤੇ ਸਪਸ਼ਟ ਰੂਪ ਵਿੱਚ ਪਹੁੰਚੇ। ਪ੍ਰਧਾਨ ਮੰਤਰੀ ਮੋਦੀ ਨੇ ਪਾਕਿਸਤਾਨ ਵਿੱਚ ਬੈਠੇ ਅੱਤਵਾਦ ਦੇ ਮਾਲਕਾਂ ਨੂੰ ਸਿੱਧਾ ਸੰਦੇਸ਼ ਦਿੱਤਾ ਅਤੇ ਕਿਹਾ ਕਿ ਹਮਲੇ ਵਿੱਚ ਸ਼ਾਮਲ ਹਰ ਇੱਕ ਅੱਤਵਾਦੀ ਅਤੇ ਉਨ੍ਹਾਂ ਦੇ ਸਮਰਥਕਾਂ ਦੀ ਪਛਾਣ ਕੀਤੀ ਜਾਵੇਗੀ, ਉਨ੍ਹਾਂ ਦਾ ਪਿੱਛਾ ਕੀਤਾ ਜਾਵੇਗਾ ਅਤੇ ਧਰਤੀ ਦੇ ਆਖਰੀ ਕੋਨੇ ਤੋਂ ਵੀ ਉਨ੍ਹਾਂ ਨੂੰ ਉਖਾੜ ਸੁੱਟਿਆ ਜਾਵੇਗਾ। ਉਨ੍ਹਾਂ ਵਿੱਚੋਂ ਹਰ ਇੱਕ ਨੂੰ ਅਜਿਹੀ ਸਜ਼ਾ ਦਿੱਤੀ ਜਾਵੇਗੀ ਜਿਸਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

## ਪਿਤਾ ਦੀ ਰਿਵਾਲਵਰ ਲੈ ਕੇ ਕਲਾਸ 'ਚ ਪਹੁੰਚੀ ਵਿਦਿਆਰਥਣ, ਦੇਖ ਪੈ ਗਈਆਂ ਭਾਜੜਾਂ

**ਤਰਨਤਾਰਨ, 28 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਸਰਹੱਦੀ ਪਿੰਡ ਕਲਸੀਆਂ ਦੀ ਨਿਵਾਸੀ ਇੱਕ ਨਾਬਾਲਗ ਕੁੜੀ ਜੋ ਸੱਤਵੀਂ ਕਲਾਸ ਦੀ ਵਿਦਿਆਰਥਣ ਹੈ, ਵੱਲੋਂ ਆਪਣੇ ਪਿਤਾ ਦਾ



ਲਾਇਸੈਂਸੀ ਰਿਵਾਲਵਰ ਡੱਬ ਵਿੱਚ ਅੜਾ ਕੇ ਸਕੂਲ ਲੈ ਜਾਣ ਦਾ ਹੈਰਾਨੀ ਜਨਕ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਅਨੁਸਾਰ ਜਦੋਂ ਪਿਤਾ ਸਰਬਜੀਤ ਸਿੰਘ ਪੁੱਤਰ ਸ਼ਿੰਗਾਰਾ ਸਿੰਘ ਵਾਸੀ ਕਲਸੀਆਂ ਕਲਾ ਨੂੰ ਘਰ ਵਿੱਚ ਆਪਣੇ ਲਾਇਸੈਂਸੀ ਰਿਵਾਲਵਰ ਦੀ ਗੈਰ ਮੌਜੂਦਗੀ ਬਾਰੇ ਪਤਾ ਲੱਗਾ ਤਾਂ ਉਹ ਤੁਰੰਤ ਸੈਕਰਡ ਹਾਰਟ ਕਾਨਵੈਂਟ ਸਕੂਲ ਭਿਖੀਵਿੰਡ ਵਿੱਚ ਪੜ੍ਹਦੀ ਸੱਤਵੀਂ ਜਮਾਤ ਦੀ ਵਿਦਿਆਰਥਣ, ਜੋ ਕਿ ਆਪਣੀ ਬੇਟੀ ਦੇ ਸਕੂਲ ਜਾ ਪੁੱਜਾ। ਇਸ ਦੌਰਾਨ ਸਕੂਲ ਦੇ ਪ੍ਰਿੰਸੀਪਲ ਸਿਸਟਰ ਅਨਸਿਟਾ ਨੇ ਪਿਤਾ ਦੇ ਸਾਹਮਣੇ ਬੇਟੀ ਨੂੰ ਜਦੋਂ ਆਪਣੇ ਦਫਤਰ ਬੁਲਾਇਆ ਤਾਂ ਉਸਨੇ ਆਪਣੀ ਪੈਂਟ ਦੀ ਸੱਜੇ ਪਾਸੇ ਡੱਬ ਵਿੱਚ ਪਿਸਤੌਲ ਕੱਢ ਕੇ ਪਿਤਾ ਨੂੰ ਦੇ ਦਿੱਤਾ। ਬੱਚੀ ਦੇ ਇਸ ਵਤੀਰੇ ਤੋਂ ਉਸਦੇ ਬਾਪ ਦੀ ਬਹੁਤ ਵੱਡੀ ਅਣਗਹਿਲੀ ਸਾਹਮਣੇ ਆਉਂਦੀ ਹੈ। ਸਕੂਲ ਪੜ੍ਹਦੀ 13 ਸਾਲਾਂ ਕੁੜੀ ਆਪਣੇ ਪਿਤਾ ਦਾ ਰਿਵਾਲਵਰ ਸਕੂਲ ਵਿੱਚ ਕਿਉਂ ਲੈ ਕੇ ਗਈ ? ਇਸ ਸਬੰਧੀ ਪੁਲਸ ਵੱਲੋਂ ਬਰੀਕੀ ਨਾਲ ਜਾਂਚ ਸ਼ੁਰੂ ਕੀਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡੀਐੱਸਪੀ ਭਿੱਖੀਵਿੰਡ ਪ੍ਰੀਤ ਇੰਦਰ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਸਕੂਲ ਦੇ ਪ੍ਰਿੰਸੀਪਲ ਸਿਸਟਰ ਅਨਸਿਟਾ ਦੇ ਬਿਆਨਾਂ ਹੇਠ ਕੁੜੀ ਦੇ ਪਿਤਾ ਸਰਬਜੀਤ ਸਿੰਘ ਪੁੱਤਰ ਸ਼ਿੰਗਾਰਾ ਸਿੰਘ ਵਾਸੀ ਕਲਸੀਆਂ ਕਲਾਂ ਖਿਲਾਫ ਪਰਚਾ ਦਰਜ ਕਰ ਲਿਆ ਗਿਆ ਹੈ।

## ਪੰਜਾਬ 'ਚ ਵੱਡੇ ਪੱਧਰ 'ਤੇ ਫੇਰਬਦਲ, 355 ਪੁਲਸ ਮੁਲਾਜ਼ਮਾਂ ਦੇ ਤਬਾਦਲੇ

**ਬਠਿੰਡਾ, 28 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਬਠਿੰਡਾ ਜ਼ਿਲ੍ਹੇ 'ਚ ਨਸ਼ਿਆਂ ਦੇ ਮੁਕਾਬਲੇ ਅਤੇ ਕਾਨੂੰਨ-ਵਿਵਸਥਾ ਨੂੰ ਹੋਰ ਵਧੀਆ ਬਣਾਉਣ ਲਈ ਬਠਿੰਡਾ ਪੁਲਸ ਵਿਭਾਗ 'ਚ ਵੱਡਾ ਪ੍ਰਸ਼ਾਸਨਿਕ ਫੇਰਬਦਲ ਕੀਤਾ ਗਿਆ ਹੈ। ਸੀਨੀਅਰ ਸੁਪਰਡੈਂਟ ਆਫ਼ ਪੁਲਸ (ਐੱਸ. ਐੱਸ. ਪੀ) ਅਮਨੀਤ ਕੌਂਡਲ ਦੀ ਅਗਵਾਈ ਹੇਠ 355 ਤੋਂ ਵੱਧ ਪੁਲਸ ਕਰਮਚਾਰੀਆਂ ਦੇ ਤਬਾਦਲੇ ਕੀਤੇ ਗਏ ਹਨ। ਇਸ ਕਦਮ ਦਾ ਮੁੱਖ ਮਕਸਦ ਥਾਣਿਆਂ ਵਿੱਚ ਪੁਲਸ ਬਲ ਨੂੰ ਮਜ਼ਬੂਤ ਕਰਨਾ ਅਤੇ ਜ਼ਿਲ੍ਹੇ ਭਰ ਵਿੱਚ ਅਪਰਾਧ ਅਤੇ ਨਸ਼ਾ ਤਸਕਰੀ ਉੱਤੇ ਪ੍ਰਭਾਵੀ ਨਿਯੰਤਰਣ ਸਥਾਪਤ ਕਰਨਾ ਹੈ। ਟੀਚਾ ਹੈ ਕਿ 31 ਮਈ ਤੱਕ ਹਾਲਾਤਾਂ ਵਿੱਚ ਸੁਧਾਰ ਕੀਤਾ ਜਾਵੇ।

## ਕੀ ਹੈ ਪੰਜਾਬ ਦੇ ਸਰਹੱਦੀ ਪਿੰਡਾਂ ਦਾ ਹਾਲ ? ਬੀਐੱਸਐੱਫ ਕਰ ਰਹੀ ਕਿਸਾਨਾਂ ਨੂੰ ਅਪੀਲ

**ਗੁਰਦਾਸਪੁਰ, 28 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਜੰਮੂ ਕਸ਼ਮੀਰ ਦੇ ਪਹਿਲਗਾਮ ਹਮਲੇ ਤੋਂ ਬਾਅਦ ਦੇਸ਼ ਦੇ ਹਰ ਨਾਗਰਿਕ ਦੀ ਮੰਗ ਹੈ ਕਿ ਕੇਂਦਰ ਸਰਕਾਰ ਪਾਕਿਸਤਾਨ ਦੇ ਖਿਲਾਫ ਵੱਡੀ ਕਾਰਵਾਈ ਕਰੇ ਤਾਂ ਜੋ ਪਹਿਲਗਾਮ ਹਮਲੇ ਦੌਰਾਨ ਮਾਰੇ ਗਏ ਬੇਕਸੂਰ ਲੋਕਾਂ ਦਾ ਬਦਲਾ ਲਿਆ ਜਾ ਸਕੇ। ਇਨ੍ਹਾਂ ਭਾਵਨਾਵਾਂ ਦੇ ਤਹਿਤ ਪੂਰੇ ਦੇਸ਼ ਦੀਆਂ ਨਜ਼ਰਾਂ ਇਸ ਵੇਲੇ ਪਾਕਿਸਤਾਨ ਸਰਹੱਦ 'ਤੇ ਬਣ ਰਹੇ ਹਾਲਾਤਾਂ 'ਤੇ ਹਨ। ਪੰਜਾਬ ਦੇ ਹਰ ਸਰਹੱਦੀ ਸੈਕਟਰ ਤੋਂ ਖਬਰਾਂ ਸੁਣਨ ਨੂੰ ਮਿਲ ਰਹੀਆਂ ਹਨ ਕਿ ਭਾਰਤ ਪਾਕਿਸਤਾਨ ਸਰਹੱਦ ਤੇ



ਹੌਲੀ-ਹੌਲੀ ਤਣਾਅ ਦਾ ਮਾਹੌਲ ਬਣ ਰਿਹਾ। ਇਸ ਦੇ ਚੱਲਦੇ ਸਰਹੱਦੀ ਖੇਤਰ ਦੇ ਸੈਕਟਰ ਬਮਿਆਲ ਅਤੇ ਸੈਕਟਰ ਗੁਰਦਾਸਪੁਰ ਦੇ ਨਜ਼ਦੀਕ ਸਰਹੱਦ ਜ਼ੀਰੋ ਰੇਖਾ 'ਤੇ ਵੱਸੇ ਰਹੇ ਪਿੰਡ ਸਿੰਬਲ ਸਕੋਲ, ਢੀਂਡਾ, ਬਮਿਆਲ, ਸਿੰਬਲ ਕੁੱਲੀਆਂ, ਜੈਤਪੁਰ, ਮਜੀਰੀ, ਚੌਤਰਾ, ਸਲਾਚ, ਤਾਸ, ਭਰਿਆਲ, ਚੇਬੇ ਆਦਿ ਦਾ ਦੌਰਾ ਕਰ ਕੇ ਇਥੋਂ ਦੇ ਹਾਲਾਤਾਂ ਬਾਰੇ ਅਤੇ ਲੋਕਾਂ ਦੇ ਵਿਚਾਰ ਜਾਣਨ ਦੀ ਕੋਸ਼ਿਸ਼ ਕੀਤੀ ਗਈ। ਕਿਉਂਕਿ ਲਗਾਤਾਰ ਖਬਰਾਂ ਆ ਰਹੀਆਂ ਸਨ ਬੀ ਐੱਸ ਐੱਫ ਦੇ ਵੱਲੋਂ ਸਰਹੱਦੀ ਜ਼ੀਰੋ ਲਾਈਨ 'ਤੇ ਵੱਸੇ ਲੋਕਾਂ ਨੂੰ ਇਹ ਹੁਕਮ ਦਿੱਤੇ ਗਏ ਨੇ ਕਿ 28 ਤਰੀਕ ਤੱਕ ਤੋਂ ਜਿਨ੍ਹਾਂ ਲੋਕਾਂ ਦੀ ਜ਼ਮੀਨ ਕੰਡਿਆਲੀ ਤਾਰ ਤੋਂ ਪਾਰ ਹੈ ਉਹ ਆਪਣੀ ਫਸਲ ਦੀ ਕਟਾਈ ਸਮੇਂ ਸਿਰ ਕਰ ਲੈਣ। ਕਿਉਂਕਿ ਉਸ ਤੋਂ ਬਾਅਦ ਇਹ ਗੇਟ ਬੰਦ ਕਰ ਦਿੱਤੇ ਜਾਣਗੇ। ਇਸ ਗੱਲ ਦੀ ਪੁਸ਼ਟੀ ਕਰਨ ਲਈ ਵੀ ਅੱਜ ਸਰਹੱਦੀ ਪਿੰਡ ਦੇ ਨਿਵਾਸੀਆਂ ਨਾਲ ਗੱਲਬਾਤ ਕੀਤੀ ਗਈ। ਪਰ ਦੂਜੇ ਪਾਸੇ ਜੇਕਰ ਵੇਖਿਆ ਜਾਵੇ ਤਾਂ ਇਸ ਦਾ ਕੋਈ ਵੀ ਲਿਖਤੀ ਰੂਪ ਵਿੱਚ ਅਜੇ ਤੱਕ ਪੱਤਰ ਵੇਖਣ ਨੂੰ ਨਹੀਂ ਮਿਲਿਆ ਸਿਰਫ ਲੋਕਾਂ ਵੱਲੋਂ ਹੀ ਇਸ ਗੱਲ ਦੀ ਪੁਸ਼ਟੀ ਕੀਤੀ ਜਾ ਰਹੀ ਹੈ ਕਿ ਬੀਐੱਸਐੱਫ ਵੱਲੋਂ ਬਾਰਡਰ ਤੇ ਚੁਕੰਨੇ ਰਹਿਣ ਅਤੇ ਆਪਣੀ ਕਣਕ ਦੀ ਫਸਲ ਨੂੰ ਕੱਟਣ ਬਾਰੇ ਕਿਹਾ ਗਿਆ ਹੈ। ਪਹਿਲਾਂ ਭਾਰਤ ਪਾਕਿਸਤਾਨ ਸਰਹੱਦ ਦੀ ਜਦੋਂ ਰੇਖਾ ਤੇ ਸਥਿਤ ਪਿੰਡ ਸਕੋਲ ਦੀ ਗੱਲ ਕੀਤੀ ਜਾਵੇ ਤਾਂ ਇਥੋਂ ਦੇ ਲੋਕ ਬੇਸ਼ੱਕ ਪਹਿਲਗਾਮ ਹਮਲੇ ਦੀ ਨਿਖੇਧੀ ਕਰਦੇ ਹਨ। ਪਰ ਬਾਰਡਰ 'ਤੇ ਤਣਾਅ ਨੂੰ ਲੈ ਕੇ ਇਨ੍ਹਾਂ ਦਾ ਕਹਿਣਾ ਹੈ ਕਿ ਇਵੇਂ ਦੇ ਹਾਲਾਤ ਬਹੁਤ ਵਾਰ ਬਣ ਚੁੱਕੇ ਹਨ। ਜਿਸਦੇ ਚੱਲਦੇ ਅਸੀਂ ਇਨ੍ਹਾਂ ਹਾਲਾਤਾਂ ਦੇ ਆਦੀ ਹੋ ਚੁੱਕੇ ਹਾਂ, ਸਰਕਾਰਾਂ ਦੇ ਹੁਕਮ ਹੋਣ ਤੋਂ ਬਾਅਦ ਵੀ ਅਸੀਂ ਆਪਣਾ ਸਾਮਾਨ ਲੈ ਕੇ ਪਿੱਛੇ ਨਹੀਂ ਹਟਾਂਗੇ। ਉਸ ਤੋਂ ਇਲਾਵਾ ਜੇਕਰ ਬਾਰਡਰ 'ਤੇ ਹਾਲਾਤ ਖਰਾਬ ਹੁੰਦੇ ਹਨ ਤਾਂ ਉਨ੍ਹਾਂ ਵੱਲੋਂ ਸੀਮਾ ਸੁਰੱਖਿਆ ਬਲ ਦੀ ਡੱਟ ਕੇ ਮਦਦ ਕੀਤੀ ਜਾਵੇਗੀ ਅਤੇ ਪਾਕਿਸਤਾਨ ਨਾਲ ਇਸ ਘਿਨੌਣੀ ਹਰਕਤ ਦਾ ਬਦਲਾ ਲੈਣ ਲਈ ਆਪਣੀ ਫੌਜ ਦੀ ਮਦਦ ਕੀਤੀ ਜਾਵੇਗੀ। ਬੀਐੱਸਐੱਫ ਵੱਲੋਂ ਫਸਲਾਂ ਨੂੰ ਜਲਦੀ ਵੱਢਣ ਦੀ ਗੱਲ ਬਾਰੇ ਪੁੱਛਣ 'ਤੇ ਉਨ੍ਹਾਂ ਕਿਹਾ ਉਨ੍ਹਾਂ ਕਿਹਾ ਕਿ ਸੀਮਾ ਸੁਰੱਖਿਆ ਬਲ ਵੱਲੋਂ ਕਿਸਾਨਾਂ ਨੂੰ ਨਿੱਜੀ ਤੌਰ 'ਤੇ ਕਿਹਾ ਗਿਆ ਕਿ ਜਲਦ ਤੋਂ ਜਲਦ ਉਹ ਆਪਣੀ ਫਸਲ ਵੱਢ ਲੈਣ ਤਾਂ ਜੋ ਆਉਣ ਵਾਲੇ ਸਮੇਂ ਤੱਕ ਇਹ ਜ਼ਮੀਨ ਖਾਲੀ ਹੋ ਸਕੇ। ਇਸ ਵਿਸ਼ੇ 'ਤੇ ਪਿੰਡ ਦੇ ਸਰਪੰਚ ਦੀਪ ਕੁਮਾਰ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਪਹਿਲਗਾਮ ਹਮਲੇ ਤੋਂ ਬਾਅਦ ਪਿੰਡਾਂ ਦੇ ਲੋਕਾਂ ਦੇ ਵਿੱਚ ਥੋੜਾ ਜਿਹਾ ਤਣਾਅ ਤਾਂ ਹੈ ਪਰ ਸਾਡੇ ਪਿੰਡਾਂ ਦੇ ਲੋਕ ਹਾਲਾਤ ਖਰਾਬ ਹੋਣ ਤੇ ਪਿੱਛੇ ਹੱਟਣ ਵਾਲਿਆਂ ਵਿੱਚੋਂ ਨਹੀਂ ਹਨ।

## ਅਟਾਰੀ ਸਰਹੱਦ 'ਤੇ 21 ਕਰੋੜ ਦੀ ਕੀਮਤ ਵਾਲੀ 3 ਕਿਲੋ ਹੈਰੋਇਨ ਸਮੇਤ ਤਸਕਰ ਕਾਬੂ, ਡਰੋਨ ਰਾਹੀਂ ਭੇਜੀ ਗਈ ਸੀ ਖੇਪ

**ਅਟਾਰੀ/ਅੰਮ੍ਰਿਤਸਰ, 28 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਕਾਊਂਟਰ ਇੰਟੈਲੀਜੈਂਸ ਅੰਮ੍ਰਿਤਸਰ ਨੇ ਸਰਹੱਦ ਪਾਰ ਨਸ਼ਾ ਤਸਕਰੀ ਨੈੱਟਵਰਕ ਵਿਰੁੱਧ ਚੱਲ ਰਹੀ ਮੁਹਿੰਮ ਵਿੱਚ ਵੱਡੀ ਸਫਲਤਾ ਹਾਸਲ ਕੀਤੀ ਹੈ। ਗੁਪਤ ਸੂਚਨਾ ਦੇ ਆਧਾਰ 'ਤੇ ਕੀਤੀ ਗਈ ਇੱਕ ਕਾਰਵਾਈ ਵਿੱਚ ਅਟਾਰੀ ਇਲਾਕੇ ਦੇ ਨੇੜੇ ਬਲਵੀਰ ਸਿੰਘ ਨਾਮ ਦੇ ਇੱਕ ਤਸਕਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਮੁਲਜ਼ਮ ਦੇ ਕਬਜ਼ੇ ਵਿੱਚੋਂ 3 ਕਿਲੋ ਉੱਚ ਗੁਣਵੱਤਾ ਵਾਲੀ ਹੈਰੋਇਨ ਦੀ



ਵੱਡੀ ਮਾਤਰਾ ਬਰਾਮਦ ਕੀਤੀ ਗਈ ਹੈ। ਇਸ ਕਾਰਵਾਈ ਨੂੰ ਪੰਜਾਬ ਪੁਲਿਸ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਤਹਿਤ ਇੱਕ ਵੱਡੀ ਪ੍ਰਾਪਤੀ ਮੰਨਿਆ ਜਾ ਰਿਹਾ ਹੈ। ਇਸ ਖੇਪ ਦੀ ਅੰਤਰਰਾਸ਼ਟਰੀ ਕੀਮਤ ਲਗਭਗ 21 ਕਰੋੜ ਰੁਪਏ ਹੈ। ਸੂਤਰਾਂ ਅਨੁਸਾਰ, ਕਾਊਂਟਰ ਇੰਟੈਲੀਜੈਂਸ ਟੀਮ ਨੂੰ ਭਰੋਸੇਯੋਗ ਖੁਫੀਆ ਜਾਣਕਾਰੀ ਮਿਲੀ ਸੀ ਕਿ ਇੱਕ ਵਿਅਕਤੀ ਅਟਾਰੀ ਖੇਤਰ ਦੇ ਆਲੇ-ਦੁਆਲੇ ਵੱਡੀ ਮਾਤਰਾ ਵਿੱਚ ਹੈਰੋਇਨ ਦੀ ਤਸਕਰੀ ਕਰਨ ਦੀ ਯੋਜਨਾ ਬਣਾ ਰਿਹਾ ਹੈ। ਤੁਰੰਤ ਹਰਕਤ ਵਿੱਚ ਆਉਂਦਿਆਂ ਟੀਮ ਨੇ ਇਲਾਕੇ ਵਿੱਚ ਨਿਗਰਾਨੀ ਵਧਾ ਦਿੱਤੀ ਤੇ ਸ਼ੱਕੀ ਗਤੀਵਿਧੀਆਂ 'ਤੇ ਨਜ਼ਰ ਰੱਖੀ। ਜਦੋਂ ਬਲਵੀਰ ਸਿੰਘ ਨੂੰ ਘੇਰ ਕੇ ਫੜਿਆ ਗਿਆ ਤਾਂ ਉਸਦੀ ਤਲਾਸ਼ੀ ਦੌਰਾਨ ਉਸਦੇ ਕਬਜ਼ੇ ਵਿੱਚੋਂ 3 ਕਿਲੋ ਹੈਰੋਇਨ ਬਰਾਮਦ ਹੋਈ। ਜ਼ਬਤ ਕੀਤੀ ਗਈ ਖੇਪ ਵਿੱਚ 6 ਪੈਕੇਟ ਸਨ ਜਿਨ੍ਹਾਂ 'ਤੇ ਹੁੱਕ ਲੱਗੇ ਹੋਏ ਸਨ। ਇਹ ਸਪੱਸ਼ਟ ਹੈ ਕਿ ਇਹ ਖੇਪ ਪਾਕਿਸਤਾਨ ਤੋਂ ਡਰੋਨ ਰਾਹੀਂ ਭੇਜੀ ਗਈ ਹੈ। ਬਲਵੀਰ ਸਿੰਘ ਵਿਰੁੱਧ ਐਨਡੀਪੀਐਸ ਐਕਟ ਤਹਿਤ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐਸਐਸਓਸੀ) ਪੁਲਿਸ ਸਟੇਸ਼ਨ, ਅੰਮ੍ਰਿਤਸਰ ਵਿਖੇ ਐਫਆਈਆਰ ਦਰਜ ਕੀਤੀ ਗਈ ਹੈ। ਉਸ ਤੋਂ ਪੁੱਛਗਿੱਛ ਦੌਰਾਨ ਕਈ ਮਹੱਤਵਪੂਰਨ ਸੁਰਾਗ ਮਿਲਣ ਦੀ ਸੰਭਾਵਨਾ ਹੈ, ਜਿਸ ਕਾਰਨ ਪੂਰੇ ਨੈੱਟਵਰਕ ਨੂੰ ਟਰੇਸ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਕਾਊਂਟਰ ਇੰਟੈਲੀਜੈਂਸ ਅਧਿਕਾਰੀਆਂ ਦੇ ਅਨੁਸਾਰ, ਪਾਕਿਸਤਾਨ ਸਥਿਤ ਤਸਕਰ ਹਰਪ੍ਰੀਤ ਸਿੰਘ ਸਮੇਤ ਕਈ ਵਿਅਕਤੀਆਂ ਦੇ ਇਸ ਤਸਕਰੀ ਰੈਕੇਟ ਵਿੱਚ ਸ਼ਾਮਲ ਹੋਣ ਦਾ ਸ਼ੱਕ ਹੈ। ਨੈੱਟਵਰਕ ਨਾਲ ਜੁੜੇ ਹੋਰ ਤਸਕਰਾਂ ਦੀ ਪਛਾਣ ਕਰਨ ਲਈ ਬਲਵੀਰ ਸਿੰਘ ਤੋਂ ਡੂੰਘਾਈ ਨਾਲ ਪੁੱਛਗਿੱਛ ਜਾਰੀ ਹੈ। ਪਾਕਿਸਤਾਨ ਸਥਿਤ ਤਸਕਰ ਕਿਸ ਤਰੀਕੇ ਨਾਲ ਭਾਰਤ ਵਿੱਚ ਨਸ਼ੀਲੇ ਪਦਾਰਥ ਭੇਜਣ ਦੀ ਯੋਜਨਾ ਬਣਾ ਰਹੇ ਹਨ, ਇਸਦੀ ਵੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

# Nankana Sahib Yatra Committe Uk



# Pakistan Gurdwara Yatra

**28th October to 7th November 2025**

**Yatra Includes 25+ Gurudwara Sahib Darshan.**

**Accommodation in hotels and travel within Pakistan and Yatra Start to Finish Point in AC Coaches**

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1050**

Important Note: The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

Note: It does not include flight ticket and insurance, it has to be done by the passenger himself.

ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।

★-- ਗੁਰੂ ਪੰਥ ਦੇ ਸੇਵਾਦਾਰ --★

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ
ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਜਨਮ
ਪਿੰਡ ਰੋਡੇ
2.6.1947
Birth
Pind Rode

ਸ਼ਹੀਦੀ
ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ
6.6.1984
Shaheedi
Sri Darbar Sahib
Amritsar



www.damdamitaksal.net

Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net






ਨਾਮ ਜਪੋ
ਕਿਰਤ ਕਰੋ
ਵੰਡ ਛਕੋ

Naam Japo
Kirat Karo
Vand Shako

ਜਥਾ ਭਿੰਡਰਾਂ (ਮਹਿਤਾ)
www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA
WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano
ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia
ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran
ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi
ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


ਦੇਗ ਤੇਗ ਫ਼ਤਿਹ - ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਅਤੇ ਮਾਤਾ ਸਾਹਿਬ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ



ਧੰਨ-ਧੰਨ
ਮਾਤਾ ਸਾਹਿਬ ਕੌਰ ਜੀ

29ਵਾਂ ਸਲਾਨਾ ਜੋੜ ਮੇਲਾ
ਗੁਰਮਤਿ ਸਮਾਗਮ
1 ਨਵੰਬਰ 2025, ਦਿਨ ਸ਼ਨੀਵਾਰ ਨੂੰ
ਬੱਬਰਾਂ ਦੇ ਹਾਈ ਕੋਰਟ ਗੁਰਦੁਆਰਾ ਸ਼ਹੀਦਾਂ, ਜੱਸੋਵਾਲ ਵਿਖੇ
ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।



ਸੰਤ ਜਰਨੈਲ ਸਿੰਘ ਜੀ ਖਾਲਸਾ
ਭਿੰਡਰਾਂ ਵਾਲੇ

ਲੜੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ -20 ਅਕਤੂਬਰ, ਸੋਮਵਾਰ, ਸਵੇਰੇ 10 ਵਜੇ
ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ -1 ਨਵੰਬਰ, ਸ਼ਨੀਵਾਰ, ਸਵੇਰੇ 9 ਵਜੇ

ਜੋੜ ਮੇਲੇ ਵਿੱਚ ਸਿੰਘ ਸਾਹਿਬਾਨ, ਦਮਦਮੀ ਟਕਸਾਲ, ਸੰਤ ਮਹਾਂਪੁਰਸ਼, ਸੰਪਰਦਾਵਾਂ ਦੇ ਮੁਖੀ, ਨਿਹੰਗ ਸਿੰਘ ਜਥੇਬੰਦੀਆਂ,
ਸ਼੍ਰੋਮਣੀ ਕਮੇਟੀ ਮੈਂਬਰ, ਨਿਰਮਲੇ, ਉਦਾਸੀ, ਧਾਰਮਿਕ, ਕਿਸਾਨ ਆਗੂ, ਹਰ ਪਾਰਟੀ ਦੇ ਸਿਆਸੀ ਲੀਡਰ,
ਇੰਟਰਨੈਸ਼ਨਲ ਪੰਥਕ ਦਲ ਯੂ.ਕੇ. ਅਤੇ ਭਾਰਤ ਦੇ ਸਮੂਹ ਅਹੁਦੇਦਾਰ ਅਤੇ ਨਾਮਵਰ ਰਾਗੀ-ਢਾਡੀ-ਕਵੀਸ਼ਰ ਜਥੇ ਪਹੁੰਚ ਰਹੇ ਹਨ।

ਨੋਟ : ਇਹ ਸਮਾਗਮ 13 ਦਿਨ ਚੱਲੇਗਾ

ਸਮੂਹ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਗੁਰੂ ਦੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।



ਬੇਨਤੀ ਕਰਤਾ
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ
ਜਾਰੀ ਕਰਤਾ : ਭਾਈ ਜਰਨੈਲ ਸਿੰਘ ਢਿੱਲੋਂ, ਬੀਬੀ ਅਰਸ਼ਪ੍ਰੀਤ ਕੌਰ 84278-66404

ਸੰਪਰਕ ਨੰਬਰ
98141-27470
84278-66404
73408-35137

ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 28 ਅਕਤੂਬਰ 2025 ਤੋਂ 7 ਨਵੰਬਰ 2025 ਤੱਕ ਹੋਵੇਗੀ



### ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਨਾਲ ਸੰਪਰਕ ਕਰੋ ਜੀ।

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1050**

Important Note: The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

Note: It does not include flight ticket and insurance, it has to be done by the passenger himself.

ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਲਗਜ਼ਰੀ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

- ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ 'ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।
- ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।

**BOOK YOUR SEATS NOW**

*-- ਗੁਰੂ ਪੰਥ ਦੇ ਸੇਵਾਦਾਰ --*

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿੰਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

Website : www.nsycuk.com
E-mail : gnstuk@hotmail.com

ਆਵਾਜ਼ਿ ਕੌਮ AWAZE QAUM International Newspaper & WEB TV

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



ਅਵਤਾਰ ਪੁਰਬ : ਧੰਨ ਧੰਨ ਸ਼੍ਰੀ ਗੁਰੂ ਅੰਗਦ ਦੇਵ ਸਾਹਿਬ ਜੀ

# ਮਹਾਨ ਅਵਤਾਰ ਪੁਰਬ



☛ ਸ਼ਹੀਦੀ ਜੋੜ ਮੇਲਾ ਚਾਲੀ ਮੁਕਤੇ ( ਮੁਕਤਸਰ ਸਾਹਿਬ ਜੀ ) ☛ ਜਨਮ ਦਿਵਸ਼ : ਸੰਤ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਹੁਸ਼ਿਆਰਪੁਰ । ☛ ਜੋੜ ਮੇਲਾ ਗੁਰੂ ਕਾ ਬਾਗ ਪਟਨਾ ਸਾਹਿਬ ਜੀ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਕਰਵਾਏ ਜਾਣਗੇ।

**3 ਮਈ ਦਿਨ ਸ਼ਨਿੱਚਰਵਾਰ ਸ਼ਾਮ 5 ਵਜੇ ਤੋਂ 8 ਵਜੇ ਤੱਕ ਦੀਵਾਨ ਸਜਣਗੇ।**

4 ਮਈ 2025 ਦਿਨ ਐਤਵਾਰ ਨੂੰ 6:30 ਵਜੇ ਸਵੇਰੇ ਚੋਪਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 10:00 ਵਜੇ ਭੋਗ ਪੈਣਗੇ ਉਪਰੰਤ 12:30 ਵਜੇ ਤੱਕ ਦੀਵਾਨ ਸਜਣਗੇ।

ਉਚੇਚ ਤੋਰ ਤੇ ਪੰਜਾਬ ਦੀ ਧਰਤੀ ਤੋਂ ਢਾਡੀ ਜਥਾ ਗਿਆਨੀ ਜਸਬੀਰ ਸਿੰਘ ਮੋਲੀਕੇ ਢਾਡੀ ਵਾਰਾਂ ਰਾਹੀਂ ਗੁਰਬਾਣੀ ਅਤੇ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

☛ ਸਟਾਲ ਵੀ ਲੱਗਣਗੇ
☛ ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਪੁਰਜ਼ੋਰ ਬੇਨਤੀ ਹੈ ਆਪਣਾ ਕੀਮਤੀ ਸਮਾਂ ਕੱਢਕੇ ਇੰਨਾਂ ਸਮਾਗਮਾ ਵਿਚ ਪੁਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

# ਦਮਦਮੀ ਟਕਸਾਲ ਵੱਲੋਂ 41ਵੇਂ ਘੱਲੂਘਾਰਾ ਦਿਵਸ ਦੇ ਕਥਾ-ਕੀਰਤਨ ਸਮਾਗਮਾਂ ਦੀ ਆਰੰਭਤਾ 1 ਮਈ ਤੋਂ

## ਸੰਤ ਗਿ. ਹਰਨਾਮ ਸਿੰਘ ਖਾਲਸਾ ਦੀ ਅਗਵਾਈ ਹੇਠ 6 ਜੂਨ ਤੱਕ ਵੱਖ ਵੱਖ ਨਗਰਾਂ 'ਚ ਹੋਣ ਵਾਲੇ ਸ਼ਹੀਦੀ ਸਮਾਗਮਾਂ ਦੀ ਸੂਚੀ ਜਾਰੀ



ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲੇ ਪ੍ਰਧਾਨ ਸੰਤ ਸਮਾਜ ਦੀ ਰਹਿਨੁਮਾਈ ਹੇਠ ਦਮਦਮੀ ਟਕਸਾਲ ਦੇ ਹੈੱਡ ਕੁਆਟਰ ਗੁ. ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਜੂਨ '84 ਤੀਸਰੇ ਘੱਲੂਘਾਰੇ ਦੀ ਯਾਦ ਨੂੰ ਹਰ ਸਾਲ 6 ਜੂਨ ਵਾਲੇ ਦਿਨ ਅੰਤਰਰਾਸ਼ਟਰੀ ਪੱਧਰ 'ਤੇ ਮਨਾਇਆ ਜਾਂਦਾ ਹੈ ਤੇ ਇਸ ਘੱਲੂਘਾਰੇ ਅੰਦਰ ਸ਼ਹੀਦ ਹੋਏ ਅਮਰ ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੇ ਉਨ੍ਹਾਂ ਨਾਲ ਸ਼ਹਾਦਤ ਦਾ ਜਾਮ ਪੀਣ ਵਾਲੇ ਬਾਬਾ ਠਾਹਰਾ ਸਿੰਘ ,ਭਾਈ ਅਮਰੀਕ ਤੇ ਜਰਨਲ ਸੁਬੇਗ ਸਿੰਘ ਆਦਿ ਕੌਮੀ ਯੌਧਿਆਂ ਦੀ ਸ਼ਹਾਦਤਾਂ ਨੂੰ ਨਤਮਸਤਕ ਹੁੰਦਿਆਂ ਸਮੂਹ ਸਿੰਘਾਂ-ਸਿੰਘਣੀਆਂ ਤੇ ਭੁਝੰਗੀਆਂ ਨੂੰ ਸ਼ਰਧਾਂ ਦੇ ਫੁੱਲ ਅਰਪਿਤ ਕੀਤੇ ਜਾਂਦੇ ਹਨ ।ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦਮਦਮੀ ਟਕਸਾਲ ਵੱਲੋਂ ਤੀਸਰੇ ਘੱਲੂਘਾਰੇ ਦੀ ਯਾਦ 'ਚ 41ਵਾਂ ਸ਼ਹੀਦੀ ਜੋੜ ਮੇਲਾ ਪੂਰੀ ਸ਼ਰਧਾਂ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ ।ਇਸ ਮੌਕੇ ਮਹੀਨਾ ਭਰ ਚੱਲਣ ਵਾਲੀ ਕਥਾ-ਕੀਰਤਨ ਸਮਾਗਮਾਂ ਦੀ ਲੜੀ ਦੀ ਆਰੰਭਤਾ 1 ਮਈ ਤੋਂ ਹੋਣ ਜਾ ਰਹੀ ਹੈ, ਜਿਸ ਦੇ ਚੱਲਦਿਆਂ ਵੱਖ ਵੱਖ ਨਗਰਾਂ ਅੰਦਰ ਸ਼ਾਮ 6 ਵਜੇ ਤੋਂ 8 ਵਜੇ ਤੱਕ ਗੁਰਮਤਿ ਸਮਾਗਮ ਕੀਤੇ ਜਾਣਗੇ ।ਇੰਨ੍ਹਾਂ ਸਮਾਗਮਾਂ 'ਚ ਦਮਦਮੀ ਟਕਸਾਲ ਦੇ ਹਜ਼ੂਰੀ ਰਾਗੀ ਜਥੇ ਵੱਲੋਂ ਸ਼ਬਦ-ਕੀਰਤਨ ਕੀਤੇ ਜਾਣ ਉਪਰੰਤ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਵੱਲੋਂ ਸੰਗਤਾਂ ਨੂੰ ਕਥਾ ਸਰਵਨ ਕਰਾਈ ਜਾਵੇਗੀ ।ਦਮਦਮੀ ਟਕਸਾਲ ਵੱਲੋਂ ਜਾਰੀ ਸਮਾਗਮਾਂ ਦੀ ਸੂਚੀ ਅਨੁਸਾਰ 01 ਮਈ ਨੂੰ ਜਬੋਵਾਲ, 02 ਮਈ ਨੂੰ ਜੱਫਰਵਾਲ, 03 ਮਈ ਨੂੰ ਤਰਸਿੱਕਾ, 04 ਮਈ ਨੂੰ ਕੋਟਲਾ ਮੂਸਾ ਨੇੜ੍ਹੇ ਕਾਦੀਆਂ, 05 ਮਈ ਨੂੰ ਸਦਾਰੰਗ, 06 ਮਈ ਨੂੰ ਸਹਾਇਪੁਰ, 07 ਮਈ ਨੂੰ ਧਰਦਿਓ, 08 ਮਈ ਨੂੰ ਬਾਬੋਵਾਲ, 09 ਮਈ ਨੂੰ ਭਲਾਈਪੁਰ ਪੁਰਬਾ, 10 ਮਈ ਨੂੰ ਗੁ: ਕੰਧ ਸਾਹਿਬ (ਬਟਾਲਾ), 11 ਮਈ ਨੂੰ ਗੁ: ਗੁਰੂ ਕੀ ਬੇਰ ਸਾਹਿਬ, 12 ਮਈ ਨੂੰ ਲੀਲ ਕਲਾਂ, 13 ਮਈ ਨੂੰ ਸੂਸਾ, 14 ਮਈ ਨੂੰ ਸਿਆਲਕਾ, 15 ਮਈ ਨੂੰ ਚੋਣੇ, 16 ਮਈ ਨੂੰ ਨਵਾਂ ਪਿੰਡ, 17 ਮਈ ਨੂੰ ਗੁ:ਸੰਗਤਪੁਰਾ ਬਥਵਾਲਾ (ਗੁਰਦਾਸਪੁਰ), 18 ਮਈ ਨੂੰ ਧਰਮੂਚੱਕ, 19 ਮਈ ਨੂੰ ਕਾਹਲਵਾਂ, 20 ਮਈ ਨੂੰ ਉਦੋਨੰਗਲ ਖੁਰਦ, 21 ਮਈ ਨੂੰ ਸਠਿਆਲਾ, 22 ਮਈ ਨੂੰ ਢੱਪਈਆਂ, 23 ਮਈ ਨੂੰ ਵੀਲਾ/ਮੀਕੇ, 24 ਮਈ ਨੂੰ ਬੁਤਾਲਾ, 25 ਮਈ ਨੂੰ ਸਵੇਰੇ 10 ਤੋਂ 12 ਵਜੇ ਤੱਕ ਖੱਬੇ ਰਾਜਪੂਤਾਂ ਤੇ ਸ਼ਾਮ 07 ਤੋਂ 09 ਵਜੇ ਤੱਕ ਚੌਧਰੀਵਾਲ , 26 ਮਈ ਨੂੰ ਜਲਾਲਉਸਮਾਂ, 27 ਮਈ ਨੂੰ ਜੇਠੂਵਾਲ, 28 ਮਈ ਨੂੰ ਰਾਮ ਥੰਮਣ, 29 ਮਈ ਨੂੰ ਮੈਹਣੀਆਂ ਕੁਹਾਰਾ, 30 ਮਈ ਨੂੰ ਮਹਿਤਾ ਚੌਕ ਤੇ 31 ਮਈ ਨੂੰ ਚਾਟੀਵਿੰਡ ਵਿਖੇ ਗੁਰਮਤਿ ਦੀਵਾਨ ਸਜਾਏ ਜਾਣਗੇ,ਉਪਰੰਤ ਸ਼ਹੀਦੀ ਹਫਤੇ ਦੇ ਚੱਲਦਿਆਂ ਇਹ ਗੁਰਮਤਿ ਦੀਵਾਨ 01 ਤੋਂ 05 ਜੂਨ ਤੱਕ ਗੁ. ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਸ਼ਾਮ 4 ਤੋਂ 7 ਵਜੇ ਤੱਕ ਸਜਾਏ ਜਾਣਗੇ,ਉਪਰੰਤ ਮੁੱਖ ਤੇ ਮਹਾਨ ਸ਼ਹੀਦੀ ਸਮਾਗਮ 6 ਜੂਨ ਨੂੰ ਹੋਵੇਗਾ।

-ਬਾਬਾ ਸੁਖਵੰਤ ਸਿੰਘ ਚੰਨਣਕੇ, ਚੌਕ ਮਹਿਤਾ

ਅਮਰ ਸ਼ਹੀਦ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ 14 ਵੇਂ ਮੁਖੀ ਦਮਦਮੀ ਟਕਸਾਲ ਅਤੇ 6 ਜੂਨ 1984 ਦੇ ਸਮੂਹ ਸ਼ਹੀਦਾਂ ਦੀ ਯਾਦ 'ਚ ਦਮਦਮੀ ਟਕਸਾਲ ਦੇ ਹੈੱਡਕੁਆਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ (ਮਹਿਤਾ) ਵਿਖੇ ਹਰ ਸਾਲ ਬਹੁਤ ਭਾਰੀ ਸ਼ਹੀਦੀ ਜੋੜ ਮੇਲੇ ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮਹਾਂਪੁਰਸ਼ਾਂ ਦੀ ਅਗੁਵਾਈ 'ਚ ਮਨਾਏ ਜਾਂਦੇ ਹਨ । ਇਸ ਜੋੜ ਮੇਲੇ ਸਬੰਧੀ ਮਿਤੀ 1 ਮਈ ਤੋਂ ਵੱਖ ਵੱਖ ਨਗਰਾਂ 'ਚ ਮਹਾਂਪੁਰਸ਼ਾਂ ਵੱਲੋਂ ਸ਼ਹੀਦੀ ਸਮਾਗਮਾਂ ਦੀ ਲੜੀ ਦੀ ਆਰੰਭਤਾ ਹੋ ਰਹੀ ਹੈ। ਸਮੂਹ ਸੰਗਤਾਂ ਇਹਨਾਂ ਸਮਾਗਮਾਂ ਦੇ ਲਾਹੇ ਪ੍ਰਾਪਤ ਕਰੋ ਜੀ ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

# ਅੰਤਿਮ ਸੰਸਕਾਰ ਅਤੇ ਪਾਠ ਦਾ ਭੋਗ



## ਸਰਦਾਰਨੀ ਹਰਪ੍ਰੀਤ ਕੌਰ

(1951-2025)

ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਰਦਾਰਨੀ ਹਰਪ੍ਰੀਤ ਕੌਰ (ਪਤਨੀ ਸ. ਪਰਮਿੰਦਰ ਸਿੰਘ ਬੱਲ, ਪ੍ਰਧਾਨ ਸਿੱਖ ਫੈਡਰੇਸ਼ਨ ਯੂ .ਕੇ.), ਜੋ ਕਿ ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦਾ ਅੰਤਿਮ ਸੰਸਕਾਰ ਮਿਤੀ 29 ਅਪ੍ਰੈਲ (ਦਿਨ ਮੰਗਲਵਾਰ) ਨੂੰ ਸਵੇਰੇ10.30 ਵਜੇ Slough Crematorium, Stoke Road, Slough, SL2 5AX ਵਿਖੇ ਕੀਤਾ ਜਾਵੇਗਾ, ਜਿਸ ਉਪਰੰਤ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ 11.45 ਵਜੇ ਸ੍ਰੀ ਸਹਿਜ ਪਾਠ ਪਾਠ ਜੀ ਦੇ ਭੋਗ Sri Guru Singh Sabha Gurdwara, Slough, Sheehy Way, Slough, SL2 5SS ਵਿਖੇ ਪਾਏ ਜਾਣਗੇ।

--★ ਭਾਣੇ ਵਿੱਚ ★--

| | |
|---|---|
| ਸ. ਪਰਮਿੰਦਰ ਸਿੰਘ ਬੱਲ<br>ਪ੍ਰਧਾਨ ਸਿੱਖ ਫੈਡਰੇਸ਼ਨ ਯੂ .ਕੇ. | (ਪਤੀ) |
| ਹਰਮੀਤ ਸਿੰਘ ਬੱਲ | (ਪੁੱਤਰ) |
| ਜਗਜੀਤ ਕੌਰ ਜਗਦਿਓ, ਭਵਨਪ੍ਰੀਤ ਕੌਰ ਸੰਧੂ | (ਧੀਆਂ) |

ਸੰਪਰਕ : 07834327711

### ਲੰਡਨ ਮੈਰਾਥਨ 2025 ਵਿੱਚ 56 ਹਜ਼ਾਰ ਦੌੜਾਕਾਂ ਤੇ 8 ਲੱਖ ਦਰਸ਼ਕਾਂ ਦਾ ਨਵਾਂ ਵਿਸ਼ਵ ਰਿਕਾਰਡ

# ਜਗਜੀਤ ਸਿੰਘ ਹਰਦੋ ਪ੍ਰਹੌਲਾ ਨੇ 569ਵੀਂ ਮੈਰਾਥਨ ਵੀ ਚੈਰਿਟੀ ਨੂੰ ਸਮਰਪਿਤ ਕੀਤੀ






**ਲੰਡਨ, 28 ਅਪ੍ਰੈਲ (ਸਰਬਜੀਤ ਸਿੰਘ ਬਨੂੜ)—** ਲੰਡਨ ਮੈਰਾਥਨ 2025 ਵਿੱਚ ਦੌੜਾਕਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਇਹ ਮੈਰਾਥਨ ਵਿਸ਼ਵ ਰਿਕਾਰਡ ਨਾਲ ਯਾਦਗਾਰ ਬਣਿਆ ਗਿਆ, ਜਿੱਥੇ 56,000 ਦੌੜਾਕਾਂ ਨੇ 42.195 ਕਿਲੋਮੀਟਰ ਦੀ ਲੰਬੀ ਦੌੜ ਪੂਰੀ ਕਰਕੇ ਮੈਡਲ ਹਾਸਲ ਕੀਤੇ ਗਏ ਅਤੇ ਮੈਰਾਥਨ ਵੇਖਣ ਲਈ ਲੰਡਨ ਦੀਆਂ ਸੜਕਾਂ ਦੇ ਦੋਨੋ ਪਾਸੇ ਲਗਭਗ 8 ਲੱਖ ਦਰਸ਼ਕਾਂ ਨੇ ਦੌੜਾਕਾਂ ਨੂੰ ਹੌਸਲਾ ਦਿੱਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

ਇਸ ਮੈਰਾਥਨ ਦੌਰਾਨ ਕਈ ਚੈਰਿਟੀਆਂ ਲਈ ਮਿਲੀਅਨ ਪੌਂਡ ਦੇ ਫੰਡ ਇਕੱਠੇ ਹੋਏ।

ਇੰਗਲੈਂਡ ਫੁਟਬਾਲ ਕਪਤਾਨ ਜੌਨ ਟੈਰੀ ਨੇ 5 ਘੰਟੇ ਦੇ ਸਮੇਂ ਨਾਲ ਮੈਰਾਥਨ ਪੂਰਾ ਕੀਤਾ, ਚੈਰਿਟੀ ਲਈ £46,000 ਤੋਂ ਵੱਧ ਇਕੱਠਾ ਕੀਤਾ।

ਭਾਰਤੀ ਮੂਲ ਅਤੇ ਸਿੱਖ ਭਾਈਚਾਰੇ ਦੇ ਕਈ ਦੌੜਾਕਾਂ ਨੇ ਵੀ ਆਪਣੀ ਮਿਹਨਤ ਨਾਲ ਮੈਰਾਥਨ ਪੂਰਾ ਕਰਕੇ ਆਪਣੀ ਪਛਾਣ ਬਣਾਈ।

ਹਰਦੇਵ ਸਿੰਘ ਨੂੰ ਸਿੱਖਸ ਇਨ ਦ ਸਿਟੀ ਦੁਆਰਾ 2025 ਵਿੱਚ ਟੀਸੀਐਸ ਲੰਡਨ ਮੈਰਾਥਨ ਲਈ ਆਪਣੇ "ਪੋਸਟਰ ਬੁਆਏ" ਵਜੋਂ ਦਰਸਾਇਆ ਗਿਆ ਹੈ। ਦਰਜਨਾਂ ਹੋਏ ਅਪਰੇਸ਼ਨਾਂ ਤੋਂ ਬਾਦ ਹਰਸਵੀਰ ਸਿੰਘ ਹੈਰੀ ਨੇ ਆਪਣੀ ਮਿਹਨਤ ਅਤੇ ਦ੍ਰਿੜ ਨਿਸ਼ਚੇ ਨਾਲ ਇਹ ਦੌੜ ਪੂਰੀ ਕੀਤੀ, ਕਈ ਹੋਰ ਦੌੜਾਕਾਂ ਲਈ ਪ੍ਰੇਰਣਾ ਦਾ ਸਰੋਤ ਬਣਿਆ। ਉਨ੍ਹਾਂ ਨੇ ਦੌੜ ਨੂੰ ਨਾ ਸਿਰਫ਼ ਇੱਕ ਨਿੱਜੀ ਉਪਲਬਧੀ ਵਜੋਂ ਵੇਖਿਆ, ਸਗੋਂ ਇਸ ਨੂੰ ਸਿਹਤ, ਸਮਰਪਣ ਅਤੇ ਭਾਈਚਾਰੇ ਪ੍ਰਤੀ ਵਚਨਬੱਧਤਾ ਦੀ ਮਿਸਾਲ ਬਣਾਇਆ।

## ਹਰਦੇਵ ਸਿੰਘ' ਤੇ ਹੈਰੀ ਨੇ ਸਿੱਖ ਭਾਈਚਾਰੇ ਦਾ ਮਾਣ ਵਧਾਇਆ

ਹਰਸਵੀਰ ਨੇ ਮੈਰਾਥਨ ਤੋਂ ਬਾਅਦ ਦੱਸਿਆ "ਇਹ ਮੇਰੇ ਲਈ ਸਿਰਫ਼ ਦੌੜ ਨਹੀਂ ਸੀ; ਇਹ ਮੇਰੀ ਆਤਮਾ ਦੀ ਤਾਕਤ ਅਤੇ ਭਗਤੀ ਦਾ ਪ੍ਰਗਟਾਵਾ ਸੀ,"

ਉਨ੍ਹਾਂ ਦੀਆਂ ਕਵਾਇਦਾਂ, ਸੰਘਰਸ਼ ਅਤੇ ਵਿਸ਼ਵਾਸ ਨੇ ਸਿੱਖ ਨੌਜਵਾਨਾਂ ਲਈ ਇੱਕ ਨਵਾਂ ਮਾਪਦੰਡ ਸਥਾਪਤ ਕੀਤਾ ਹੈ।

ਸਿੱਖ ਭਾਈਚਾਰੇ 'ਚ ਅਤੇ ਵਿਸ਼ਵ ਭਰ 'ਚ ਆਪਣੀ ਵੱਖਰੀ ਪਹਿਚਾਣ ਬਣਾ ਚੁੱਕੇ ਲੰਡਨ ਬੋਰੋ ਆਫ਼ ਹਿਲਿੰਗਡਨ ਦੇ ਸਿੱਖ ਕੌਂਸਲਰ ਸ ਜਗਜੀਤ ਸਿੰਘ ਹਰਦੋ ਪ੍ਰਹੌਲਾ ਨੇ ਰਾਇਲ ਓਸਟੀਓਪੋਰੋਸਿਸ ਸੋਸਾਇਟੀ ਲਈ ਚੈਰਿਟੀ ਮਕਸਦ ਨਾਲ ਲੰਡਨ ਮੈਰਾਥਨ ਦੌੜਾਂ ਵਿੱਚ ਹਿੱਸਾ ਲੈ ਕੇ ਓਸਟੀਓਪੋਰੋਸਿਸ ਬਾਰੇ ਜਾਗਰੂਕਤਾ ਵਧਾਉਣ ਅਤੇ ਫੰਡ ਇਕੱਠੇ ਕਰਨ ਵਿੱਚ ਮਦਦਗਾਰ ਹੋਇਆ। ਉਨ੍ਹਾਂ ਦੀ ਇਹ 569 ਵੀ ਮੈਰਾਥਨ ਸੀ। ਇਸ ਉਪਲਬਧੀ ਲਈ ਦੇਸ਼ਾਂ ਵਿਦੇਸ਼ਾਂ ਤੋਂ ਪ੍ਰਸ਼ੰਸਕਾਂ ਵੱਲੋਂ ਉਸ ਨੂੰ ਮੁਬਾਰਕਾਂ ਦਿੱਤੀਆਂ ਜਾ ਰਹੀਆਂ ਹਨ।

### ਦੁਨੀਆਂ ਦਾ ਕੋਈ ਵੀ ਮਜ਼ਬ ਨਿਹੱਥੇ ਇਨਸਾਨ ਦੇ

# ਖੂਨ ਨਾਲ ਹੋਲੀ ਖੇਡਣ ਦੀ ਇਜਾਜ਼ਤ ਨਹੀਂ ਦਿੰਦਾ

**ਬੰਗਾ 28 ਅਪ੍ਰੈਲ, ਹਰਪ੍ਰੀਤ ਸਿੰਘ ਪਠਲਾਵਾ,**-ਦੁਨੀਆਂ ਦਾ ਕੋਈ ਵੀ ਮਜਬ ਕਿਸੇ ਨਿਹੱਥੇ ਇਨਸਾਨ ਦੇ ਖੂਨ ਨਾਲ ਹੋਲੀ ਖੇਡਣ ਦੀ ਇਜਾਜ਼ਤ ਨਹੀਂ ਦਿੰਦਾ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ ਇੰਦਰਜੀਤ ਸਿੰਘ ਵਾਰੀਆ, ਚੇਅਰਮੈਨ ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ ਨੇ ਸੰਸਥਾ ਦੀ ਇਕ ਮੀਟਿੰਗ ਵਿੱਚ ਪਹਿਲਗਾਮ ਕਸ਼ਮੀਰ ਵਿਖੇ ਸੈਰ ਸਪਾਟਾ ਕਰਨ ਗਏ ਆਪਣੇ ਹੀ ਦੇਸ਼ ਦੀ ਸਰ ਜ਼ਮੀਨ ਤੇ ਆਪਣੇ ਹੀ ਦੇਸ਼ ਦੇ ਪਾਕਿਸਤਾਨ ਦੇ ਇਸ਼ਾਰੇ ਤੇ ਕੰਮ ਕਰ ਰਹੇ ਭਾੜੇ ਦੇ ਦਹਿਸ਼ਤਗਰਦਾਂ ਨੇ 26 ਨਿਹੱਥੇ ਆਮ ਲੋਕਾਂ ਨੂੰ ਵਹਿਸੀਆਨਾਂ ਤਰੀਕੇ ਨਾਲ ਗੋਲੀਆਂ ਨਾਲ ਭੁੱਨ ਦਿਤਾ ਜਿਸਦੀ ਜਿਨੀ ਵੀ ਨਿਖੇਧੀ ਕਰ ਲਈ ਜਾਵੇ ਥੋੜੀ ਹੈ। ਇਸ ਅਵਸਰ ਤੇ ਸੰਸਥਾ ਦੇ ਸੀਨੀਅਰ ਉਪ ਚੇਅਰਮੈਨ ਸ ਤਰਲੋਚਨ ਸਿੰਘ ਵਾਰੀਆ, ਜਨਰਲ ਸਕੱਤਰ ਮਾ ਤਰਲੋਚਨ ਸਿੰਘ ਪਠਲਾਵਾ, ਮੁਖ ਬੁਲਾਰੇ ਲੈਕਚਰਾਰ ਤਰਸੇਮ ਪਠਲਾਵਾ, ਉਪ ਚੇਅਰਮੈਨ ਸੰਦੀਪ ਕੁਮਾਰ ਗੌੜ, ਅਮਰਜੀਤ ਸਿੰਘ ਸੂਰਾਪੁਰ, ਪ੍ਰੋ ਚਰਨਜੀਤ ਸਿੰਘ ਪੋਸੀ, ਪ੍ਰਧਾਨ ਸ ਬਲਵੀਰ ਸਿੰਘ ਯੂ ਕੇ ਸਾਹਿਬ, ਡਾ ਪਰਮਿੰਦਰ ਸਿੰਘ ਵਾਰੀਆ ਸਰਪ੍ਰਸਤ ਸ ਬਲਵੀਰ ਸਿੰਘ ਐਕਸ ਆਰਮੀ, ਪ੍ਰੈਸ ਸਕੱਤਰ ਮਾ ਸੁਰਿੰਦਰ ਸਿੰਘ ਕਰਮ, ਹਰਪ੍ਰੀਤ ਸਿੰਘ ਖਾਲਸਾ ਅਤੇ ਜੀ ਚੰਨੀ ਪਠਲਾਵਾ ਨੇ ਸਾਂਝੀ ਸੁਰ ਵਿਚ ਆਖਿਆ ਕਿ ਪਾਕਿਸਤਾਨ ਨੂੰ ਅਜਿਹੀਆਂ ਕੋਝੀਆਂ ਹਰਕਤਾਂ ਤੋਂ ਬਾਜ ਆ ਜਾਣਾ ਚਾਹੀਦਾ ਹੈ ਅਗਰ ਉਸ ਨੇ ਅੱਤਵਾਦੀ ਸੰਗਠਨਾਂ ਨੂੰ ਸਿਖਲਾਈ ਦੇ ਕੇ ਭਾਰਤੀ ਲੋਕਾਂ ਦੇ ਖੂਨ ਨਾਲ ਖੇਡਣਾਂ ਬੰਦ ਨਾ ਕੀਤਾ ਤਾਂ ਦੋਨਾਂ ਮੁਲਕਾਂ ਵਿਚ ਹੋਣ ਵਾਲੇ ਯੁੱਧ ਨੂੰ ਟਾਲਿਆ ਨਹੀਂ ਜਾ ਸਕਦਾ। ਬੁਲਾਰਿਆਂ ਨੇ ਖਦਸ਼ਾ ਜਾਹਿਰ ਕਰਦਿਆਂ ਆਖਿਆ ਕਿ ਜੇਕਰ ਦੱਖਣ ਏਸ਼ੀਆ ਦੇ ਇਸ ਖਿੱਤੇ ਵਿਚ ਜੰਗ ਲਗਦੀ ਹੈ ਤਾਂ ਹਰ ਪਾਸੇ ਤਬਾਹੀ ਦੇ ਮੰਜਰ ਵੇਖਣ ਨੂੰ ਮਿਲਣਗੇ ਕਿਉਂ ਕਿ ਇਹਨਾਂ ਦੋਨਾਂ ਦੇਸ਼ਾਂ ਕੋਲ ਇਕ ਦੂਸਰੇ ਦੇਸ਼ ਨੂੰ ਦਰਜਨਾਂ ਵਾਰ ਤਬਾਹ ਕਰਨ ਵਾਲੇ ਪ੍ਰਮਾਣ ਹਥਿਆਰ ਦੇ ਵੱਡੇ ਭੰਡਾਰ ਮੌਜੂਦ ਹਨ। ਬੁਲਾਰਿਆਂ ਨੇ ਦੁੱਖ ਪ੍ਰਗਟ ਕਰਦਿਆਂ ਆਖਿਆ ਕਿ ਯੁੱਧ ਦੋਨਾਂ ਦੇ ਹਿੱਤ ਵਿਚ ਨਹੀਂ ਹੈ ਦੋਵੇਂ ਦੇਸ਼ ਬੁਨਿਆਦੀ ਸਹੂਲਤਾਂ ਤੋਂ ਸੱਖਣੇ ਹਨ ਫਿਰ ਵੀ ਪਾਕਿਸਤਾਨ ਦੀ ਸਰਕਾਰ ਇਹਨਾਂ ਦਹਿਸ਼ਤਗਰਦਾਂ ਵਿਰੁੱਧ ਕਾਰਵਾਈ ਕਿਓਂ ਨਹੀਂ ਕਰ ਰਹੀ। ਜੇਕਰ ਪਾਕਿਸਤਾਨ ਇਸ ਖਿੱਤੇ ਵਿਚ ਸ਼ਾਂਤੀ ਛੂੰਹਦਾ ਹੈ ਤਾਂ ਉਸਨੂੰ ਅੱਤਵਾਦੀਆਂ ਵਿਰੁੱਧ ਕਾਰਵਾਈ ਕਰਨ ਨੂੰ ਯਕੀਨੀ ਬਣਾਉਣਾ ਜ਼ਰੂਰੀ ਹੋਵੇਗਾ।





ਇਸ ਅਵਸਰ ਤੋਂ ਹੋਰਨਾਂ ਤੋਂ ਇਲਾਵਾ ਸੰਸਥਾ ਦੇ ਉਪ ਚੇਅਰਮੈਨ ਸ ਪਰਵਿੰਦਰ ਸਿੰਘ ਰਾਣਾ, ਸਤੀਸ਼ ਕੁਮਾਰ ਐਮਾਂ ਜਟਾਂ, ਆਤਮਾਂ ਸਿੰਘ ਸੂਰਾਪੁਰ, ਡਾ ਕੁਲਦੀਪ ਰਾਜ ਬੰਗਾ, ਕੈਪ ਜੋਗਾ ਸਿੰਘ, ਸੇਵਾ ਸਿੰਘ ਪਠਲਾਵਾ, ਰਜਿੰਦਰ ਸਿੰਘ ਜਿੰਦਾ, ਜਗਦੀਪ ਸਿੰਘ ਸੂਰਾਪੁਰ, ਮੈਡਮ ਕੁਲਵਿੰਦਰ ਕੌਰ ਵਾਰੀਆ, ਮੈਡਮ ਜਸਵੀਰ ਕੌਰ ਵਾਰੀਆ, ਸਰਬਜੀਤ ਕੌਰ ਪਠਲਾਵਾ, ਮੈਡਮ ਲਖਵਿੰਦਰ ਕੌਰ ਯੂ ਕੇ, ਮੈਡਮ ਬਲਵਿੰਦਰ ਕੌਰ ਮੈਡਮ ਰਮਨਜੀਤ ਕੌਰ, ਮੈਡਮ ਕਮਲਜੀਤ ਕੌਰ ਐਮਾਂ ਜਟਾਂ ਮੈਡਮ ਰਵਿੰਦਰ ਕੌਰ ਪਠਲਾਵਾ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਚਿੱਠੀ ਸਿੰਘਪੁਰਾ 'ਚ ਸਿੱਖਾਂ ਦੇ ਹੋਏ ਕਤਲੇਆਮ 'ਤੇ ਬਣ ਰਹੀ ਡਾਕੂਮੈਂਟਰੀ ਫ਼ਿਲਮ ਦੀ ਟੀਮ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ



**ਨਵੀਂ ਦਿੱਲੀ, 28 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ)**-ਜੰਮੂ ਕਸ਼ਮੀਰ ਦੇ ਚਿੱਠੀ ਸਿੰਘਪੁਰਾ 'ਚ ਮਾਰਚ 2000 ਵਿਚ 35 ਸਿੱਖਾਂ ਦੇ ਹੋਏ ਕਤਲੇਆਮ 'ਤੇ ਬਣ ਰਹੀ ਡਾਕੂਮੈਂਟਰੀ ਫ਼ਿਲਮ ਦੇ ਡਾਇਰੈਕਟਰ ਆਪਣੀ ਟੀਮ ਸਮੇਤ ਅੱਜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ। ਇਸ ਮੌਕੇ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਵੱਲੋਂ ਪੀੜਤ ਪਰਿਵਾਰਾਂ ਦੀ ਕੀਤੀ ਮੱਦਦ ਅਤੇ ਨਿਭਾਈਆਂ ਸੇਵਾਵਾਂ ਦੀ ਜਾਣਕਾਰੀ ਲਈ। ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਡਾਇਰੈਕਟਰ ਸ੍ਰੀ ਰਾਜੇਸ਼ ਰਾਜਾ, ਸ੍ਰੀ ਸੁਮਨ ਤਲਵਾਰ, ਸ੍ਰੀ ਪੀਸੀ ਰਾਉਤ, ਸ. ਐਮ.ਪੀ. ਸਿੰਘ ਅਤੇ ਸ੍ਰੀ ਹੰਸ ਹੀਰਾ ਨੂੰ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਧਾਰਮਿਕ ਪੁਸਤਕਾਂ ਦੇ ਕੇ ਸਨਮਾਨਿਤ ਕੀਤਾ। ਇਸ ਸਬੰਧੀ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਸਾਲ 2000 ਵਿਚ ਜੰਮੂ ਕਸ਼ਮੀਰ ਦੇ ਚਿੱਠੀ ਸਿੰਘਪੁਰਾ ਵਿਚ ਵੱਡਾ ਦੁਖਾਂਤ ਵਾਪਰਿਆ ਸੀ, ਜਿਸ ਵਿਚ 35 ਸਿੱਖਾਂ ਨੂੰ ਕਤਲ ਕੀਤਾ ਗਿਆ ਸੀ। ਇਸ ਸਬੰਧ ਵਿਚ ਸ੍ਰੀ ਰਾਜੇਸ਼ ਰਾਜਾ ਅਤੇ ਉਨ੍ਹਾਂ ਦੀ ਟੀਮ ਵੱਲੋਂ ਦਸਤਾਵੇਜ਼ੀ ਫ਼ਿਲਮ ਤਿਆਰ ਕਰਨ ਦੀ ਯੋਜਨਾ ਹੈ, ਜਿਸ ਤਹਿਤ ਇਨ੍ਹਾਂ ਨੇ ਸ਼੍ਰੋਮਣੀ ਕਮੇਟੀ ਪਾਸੋਂ ਪੀੜਤਾਂ ਦੀ ਮੱਦਦ ਸਬੰਧੀ ਕੀਤੇ ਕਾਰਜਾਂ ਦੇ ਵੇਰਵਿਆਂ ਦੀ ਜਾਣਕਾਰੀ ਲਈ ਪਹੁੰਚ ਕੀਤੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਪੀੜਤ ਪਰਿਵਾਰਾਂ ਦੀ ਮੱਦਦ ਕਰਨਾ ਆਪਣਾ ਫ਼ਰਜ਼ ਸਮਝਿਆ ਸੀ ਅਤੇ ਸੰਕਟ ਵੇਲੇ ਉਨ੍ਹਾਂ ਦੀ ਹਰ ਸੰਭਵ ਸਹਾਇਤਾ ਵੀ ਕੀਤੀ ਸੀ। ਇਸ ਮੌਕੇ ਸੂਚਨਾ ਅਧਿਕਾਰੀ ਸ. ਰਣਧੀਰ ਸਿੰਘ, ਸ. ਜਤਿੰਦਰਪਾਲ ਸਿੰਘ ਤੇ ਹੋਰ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਤਖ਼ਤ ਪਟਨਾ ਸਾਹਿਬ ਕਮੇਟੀ ਵਿਰੁੱਧ ਦੁਸ਼ਪ੍ਰਚਾਰ ਕਰਨ ਲਈ ਸਤਕਾਰ ਕਮੇਟੀ ਨੇ ਮੰਗੀ ਮਾਫੀ



**ਪਟਨਾ, 28 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ)**-ਤਖ਼ਤ ਪਟਨਾ ਸਾਹਿਬ ਕਮੇਟੀ ਨੂੰ ਪਿਛਲੇ ਕੁਝ ਸਮੇਂ ਤੋਂ ਇਹ ਸ਼ਿਕਾਇਤ ਮਿਲ ਰਹੀ ਸੀ ਕਿ ਪੰਜਾਬ ਤੋਂ ਆ ਕੇ ਸਤਕਾਰ ਕਮੇਟੀ ਦੇ ਲੋਕ ਬਿਹਾਰ ਦੇ ਰਾਜੌਲੀ ਵਿੱਚ ਗਤੀਵਿਧੀਆਂ ਕਰਨ ਦੇ ਨਾਲ-ਨਾਲ ਤਖ਼ਤ ਪਟਨਾ ਸਾਹਿਬ ਕਮੇਟੀ ਨੂੰ ਵੀ ਬਦਨਾਮ ਕਰਨ ਦਾ ਕੰਮ ਕਰ ਰਹੇ ਹਨ। ਤਖ਼ਤ ਪਟਨਾ ਸਾਹਿਬ ਕਮੇਟੀ ਦੇ ਪ੍ਰਧਾਨ ਜਗਜੋਤ ਸਿੰਘ ਸੋਹੀ ਨੇ ਮੀਡੀਆ ਨੂੰ ਜਾਰੀ ਕੀਤਾ ਬਿਆਨ ਰਾਹੀਂ ਦੱਸਿਆ ਕਿ ਇਸ ਸਬੰਧੀ ਉਨ੍ਹਾਂ ਨੇ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਮਹਿੰਦਰਪਾਲ ਸਿੰਘ ਢਿੱਲੋਂ ਅਤੇ ਮੈਂਬਰ ਹਰਪਾਲ ਸਿੰਘ ਜੋਹਲ ਨੂੰ ਇਹ ਜ਼ਿੰਮੇਵਾਰੀ ਸੌਂਪੀ ਕਿ ਉਹ ਰਾਜੌਲੀ ਜਾ ਕੇ ਅਸਲੀ ਸੱਚਾਈ ਦਾ ਪਤਾ ਲਗਾਉਣ। ਇਸ ਤੋਂ ਬਾਅਦ ਉਨ੍ਹਾਂ ਨੇ ਰਾਜੌਲੀ ਦਾ ਦੌਰਾ ਕਰਕੇ ਵੇਖਿਆ ਕਿ ਵਾਕਈ ਪੰਜਾਬ ਤੋਂ ਆਏ ਸਤਕਾਰ ਕਮੇਟੀ ਦੇ ਲੋਕ ਸਥਾਨਕ ਲੋਕਾਂ ਨੂੰ ਧਰਮ ਅਤੇ ਮਰਿਆਦਾ ਦੇ ਨਾਂ 'ਤੇ ਤੰਗ ਕਰ ਰਹੇ ਹਨ ਅਤੇ ਤਖ਼ਤ ਪਟਨਾ ਕਮੇਟੀ ਵਿਰੁੱਧ ਬਿਆਨਬਾਜ਼ੀ ਵੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਰਾਜੌਲੀ ਵਿੱਚ ਇਸ ਸਭ ਕਰਕੇ ਸ਼ਾਂਤੀ ਭੰਗ ਹੋਣ ਅਤੇ ਮਾਹੌਲ ਖਰਾਬ ਹੋਣ ਨਾਲ ਲੜਾਈ-ਝਗੜੇ ਦੇ ਵੀ ਆਸਾਰ ਬਣ ਰਹੇ ਸਨ। ਸ਼੍ਰੀ ਜਗਜੋਤ ਸਿੰਘ ਸੋਹੀ ਨੇ ਕਿਹਾ ਕਿ ਪੂਰਬੀ ਭਾਰਤ ਦੇ ਸਾਰੇ ਗੁਰਦੁਆਰਿਆਂ ਦਾ ਪ੍ਰਬੰਧ ਤਖ਼ਤ ਪਟਨਾ ਸਾਹਿਬ ਕਮੇਟੀ ਦੇ ਅਧੀਨ ਆਉਂਦਾ ਹੈ, ਐਸੇ ਵਿੱਚ ਜੇ ਕਿਸੇ ਨੂੰ ਕਿਤੇ ਵੀ ਮਰਿਆਦਾ ਵਿੱਚ ਕਿਸੇ ਤਰ੍ਹਾਂ ਦੀ ਚੂਕ ਜਾਂ ਹੋਰ ਕੋਈ ਸ਼ਿਕਾਇਤ ਹੋਵੇ ਤਾਂ ਇਹ ਜ਼ਰੂਰੀ ਹੁੰਦਾ ਹੈ ਕਿ ਉਹ ਤਖ਼ਤ ਪਟਨਾ ਸਾਹਿਬ ਕਮੇਟੀ ਦੀ ਜਾਣਕਾਰੀ ਵਿੱਚ ਲਿਆਉਂਦੇ। ਪਰ ਸਤਕਾਰ ਕਮੇਟੀ ਦੇ ਲੋਕ ਬਿਨਾਂ ਤਖ਼ਤ ਕਮੇਟੀ ਨੂੰ ਦੱਸੇ ਹੀ ਰਾਜੌਲੀ ਆ ਕੇ ਕੰਮ ਕਰ ਰਹੇ ਸਨ। ਜਿਸ ਤੋਂ ਬਾਅਦ ਤਖ਼ਤ ਪਟਨਾ ਸਾਹਿਬ ਕਮੇਟੀ ਵੱਲੋਂ ਉਨ੍ਹਾਂ ਨੂੰ ਬੁਲਾ ਕੇ ਗੱਲਬਾਤ ਕੀਤੀ ਗਈ ਅਤੇ ਇਸ ਦੌਰਾਨ ਉਨ੍ਹਾਂ ਨੇ ਆਪਣੀ ਗਲਤੀ ਕਬੂਲ ਕਰਦਿਆਂ ਮਾਫੀ ਮੰਗੀ ਅਤੇ ਭਵਿੱਖ ਵਿੱਚ ਅਜਿਹੀ ਗਲਤੀ ਨਾ ਕਰਨ ਦੀ ਗੱਲ ਵੀ ਕਹੀ।

ਆਵਾਜ਼ਿ ਕੌਮ AWAZE QAUM International Newspaper & WEB TV

## ਪੰਜਾਬ



ਇਹ ਮੇਰਾ ਰੰਗਲਾਂ ਦੇਸ਼ ਪੰਜ ਆਬ
ਹੁੰਦਾ ਫੁੱਲਾਂ ਵਿੱਚੋਂ ਫੁੱਲ ਜਿਵੇਂ ਗੁਲਾਬ।
ਕੁਦਰਤ ਵਲੋਂ ਕੁਦਰਤੀ ਮਿਲਿਆ ਖਿਤਾਬ
ਜੰਗਜੂ ਯੋਧਾ ਮੈਦਾਨ ਜਿੱਤਣ ਨੂੰ ਬੇਤਾਬ।।
ਵੈਰੀਆਂ ਦੀ ਸਦਾ ਤੋਂ ਹੀ ਅੜ ਭੰਨਦਾ
ਹੁਕਮ ਦੇਵੇ ਪੁੱਠਾ ਕੋਈ ਨਾ ਇਹ ਮੰਨਦਾ।
ਅੰਮ੍ਰਿਤ ਵਰਗਾ ਇਸਦਾ ਪੌਣ ਪਾਣੀ
ਖਿੱਤਾ ਹਾਲੀ , ਪਾਲੀ ਤੇ ਕਿਰਸਾਣੀ।।
ਪੰਜਾਂ ਦਰਿਆਵਾਂ ਦਾ ਇਹ ਸੋਹਣਾ ਸੁਮੇਲ
ਕੁਦਰਤ ਸੰਗ ਰੂਹ ਦਾ ਹੋਇਆ ਜਿਵੇਂ ਮੇਲ।
ਮਿੱਟੀ ਇਸਦੀ ਮੁੱਢੋਂ ਤੋਂ ਉਗਦੀ ਸੋਨਾ
ਕਣਕ,ਕਮਾਦ ਤੇ ਹੀਰੇ ਵਰਗਾ ਝੋਨਾ।।
ਰੁੱਖ,ਪੱਸ਼ੂ-ਪੰਛੀ ਤੇ ਫ਼ਸਲਾਂ ਇਸਦਾ ਮਾਨ
ਦਲੇਰਾਂ ਸੂਰਬੀਰਾਂ ਸੰਗ ਉੱਚੀ ਰੱਖਦਾ ਸ਼ਾਨ
ਬੋਲੀ ਮਾਖਿਓ ਮਿੱਠੀ,ਰੰਗਲਾ ਸਭਿਆਚਾਰ
ਮੇਰੀ ਜੋਦੜੀ ਸਦਾ ਚੜ੍ਹਦੀ ਕਲਾ ਬਖਸ਼ੇ ਕਰਤਾਰ।।

-ਸੁਰਿੰਦਰਪਾਲ ਸਿੰਘ, ਸ੍ਰੀ ਅੰਮ੍ਰਿਤਸਰ ਸਾਹਿਬ

### ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਦੇ ਨਾਲ-ਨਾਲ

# ਬਿਹਤਰ ਬੁਨਿਆਦੀ ਢਾਂਚਾ ਵੀ ਕਰਵਾਇਆ ਜਾ ਰਿਹੈ ਮੁਹੱਈਆ- ਪ੍ਰੋ. ਬਲਜਿੰਦਰ ਕੌਰ





**ਤਲਵੰਡੀ ਸਾਬੋ, 28 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)-** ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸਿੱਖਿਆ ਕ੍ਰਾਂਤੀ ਅਧੀਨ ਵਿਦਿਆਰਥੀਆਂ ਨੂੰ ਸਰਕਾਰੀ ਸਕੂਲਾਂ ਵਿੱਚ ਮਿਆਰੀ ਸਿੱਖਿਆ ਦੇ ਨਾਲ-ਨਾਲ ਬਿਹਤਰ ਬੁਨਿਆਦੀ ਢਾਂਚਾ ਵੀ ਮੁਹੱਈਆ ਕਰਵਾਇਆ ਜਾ ਰਿਹਾ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਚੀਫ ਵਿੱਪ ਅਤੇ ਤਲਵੰਡੀ ਸਾਬੋ ਦੇ ਵਿਧਾਇਕ ਪ੍ਰੋ. ਬਲਜਿੰਦਰ ਕੌਰ ਨੇ ਜ਼ਿਲ੍ਹੇ ਅਧੀਨ ਪੈਂਦੇ ਪਿੰਡ ਮੱਲਵਾਲਾ ਦੇ ਸਰਕਾਰੀ ਮਿਡਲ ਸਕੂਲ ਵਿਖੇ ਕਰਵਾਏ ਗਏ "ਪੰਜਾਬ ਸਿੱਖਿਆ ਕ੍ਰਾਂਤੀ ਨਾਲ ਬਦਲਦਾ ਪੰਜਾਬ" ਸਮਾਗਮ 'ਚ ਸ਼ਿਰਕਤ ਕਰਨ ਮੌਕੇ ਕੀਤਾ। ਇਸ ਮੌਕੇ ਵਿਧਾਇਕ ਪ੍ਰੋ. ਬਲਜਿੰਦਰ ਕੌਰ ਨੇ ਕਿਹਾ ਕਿ ਸੂਬਾ ਸਰਕਾਰ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਵਿਦਿਆਰਥੀਆਂ ਨੂੰ ਉੱਚ ਪੱਧਰੀ ਸਿੱਖਿਆ ਦੇਣ ਲਈ ਵਚਨਬੱਧ ਹੈ ਅਤੇ ਆਪਣੇ ਕਾਰਜਕਾਲ ਦੇ ਸ਼ੁਰੂ ਤੋਂ ਹੀ ਸਿਹਤ ਅਤੇ ਸਿੱਖਿਆ ਦੇ ਖੇਤਰ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਰਾਜ ਅੰਦਰ ਸਕੂਲਾਂ ਦੀਆਂ ਇਮਾਰਤਾਂ ਬਹੁਤ ਹੀ ਸ਼ਾਨਦਾਰ ਬਣਾਈਆਂ ਜਾ ਰਹੀਆਂ ਹਨ। ਇਸ ਦੌਰਾਨ ਪ੍ਰੋ. ਬਲਜਿੰਦਰ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਨਿਰੰਤਰ ਯਤਨਾਂ ਸਦਕਾ ਜਿੱਥੇ ਸਕੂਲਾਂ ਵਿੱਚ ਬੁਨਿਆਦੀ ਢਾਂਚਾ ਮਜ਼ਬੂਤ ਹੋਇਆ ਹੈ, ਉਥੇ ਹੀ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦੀ ਪੜਾਉਣ ਸ਼ੈਲੀ 'ਚ ਸੁਧਾਰ ਲਿਆਉਣ ਲਈ ਅਧਿਆਪਕਾਂ ਨੂੰ ਆਈ.ਆਈ.ਟੀ ਅਹਿਮਦਾਬਾਦ, ਸਿੰਘਾਪੁਰ, ਫਿਨਲੈਂਡ ਵਿਖੇ ਭੇਜ ਕੇ ਉੱਚ ਪੱਧਰੀ ਸਿਖਲਾਈ ਦਿਵਾਈ ਗਈ ਹੈ। ਇਸ ਮੌਕੇ ਪ੍ਰੋ. ਬਲਜਿੰਦਰ ਕੌਰ ਨੇ ਪਿੰਡ ਮੱਲਵਾਲਾ ਤੋਂ ਇਲਾਵਾ ਪੱਕਾ ਖੁਰਦ ਚੱਕ ਹੀਰਾ ਸਿੰਘ ਵਾਲਾ ਅਤੇ ਜੋਧਪੁਰ ਬੱਗਾ ਸਿੰਘ (ਫੱਲੜ) ਵਿਖੇ ਸਕੂਲਾਂ ਦੇ ਵੱਖ-ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਵੀ ਕੀਤਾ। ਇਸ ਮੌਕੇ ਸਕੂਲਾਂ ਦੇ ਸਟਾਫ ਤੋਂ ਇਲਾਵਾ ਪਿੰਡਾਂ ਦੀਆਂ ਪੰਚਾਇਤਾਂ ਦੇ ਨੁਮਾਇੰਦੇ ਤੇ ਹੋਰ ਪਤਵੰਤੇ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

**ਵੱਖ-ਵੱਖ ਸਕੂਲਾਂ ਵਿੱਚ ਸਿੱਖਿਆ ਕ੍ਰਾਂਤੀ ਤਹਿਤ ਵਿਕਾਸ ਕਾਰਜਾਂ ਦੇ ਕੀਤੇ ਉਦਘਾਟਨ**

### ਜਸਵੰਤ ਸਿੰਘ ਜੱਸ, ਸ਼ੈਲਿੰਦਰਜੀਤ ਸਿੰਘ ਰਾਜਨ ਅਤੇ ਗੁਰਮੀਤ ਕੜਿਆਲਵੀ ਵੱਖ-ਵੱਖ ਐਵਾਰਡਾਂ ਨਾਲ ਸਨਮਾਨਿਤ

# ਪ੍ਰਿੰਸੀਪਲ ਰਘਬੀਰ ਸਿੰਘ ਸੋਹਲ ਦੀ ਪੁਸਤਕ "ਤੁਸੀਂ ਕਿਉਂ ਆਏ ਨਾ" ਲੋਕ ਅਰਪਿਤ




**ਚੌਕ ਮਹਿਤਾ, 28 ਅਪ੍ਰੈਲ (ਬਾਬਾ ਸੁਖਵੰਤ ਸਿੰਘ ਚੰਨਣਕੇ)-**ਪਿਛਲੇ 40 ਸਾਲਾਂ ਤੋਂ ਵੀ ਵੱਧ ਸਮਾਂ ਨਿਰੰਤਰ ਪੰਜਾਬੀ ਮਾਂ ਬੋਲੀ ਦੀ ਸੇਵਾ ਵਿੱਚ ਜੁੱਟੀ ਚਰਚਿੱਤ ਸਾਹਿਤਕ ਸੰਸਥਾ, ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਇਕ ਸਾਹਿਤਕ ਸਮਾਗਮ ਸ੍ਰੀ ਗੁਰੂ ਗੋਬਿੰਦ ਸਿੰਘ ਇੰਟਰਨੈਸ਼ਨਲ ਪਬਲਿਕ ਸਕੂਲ, ਪਿੰਡ ਚੂੰਗ (ਨੇੜੇ ਚੌਂਕ ਮਹਿਤਾ) ਵਿਖੇ ਕਰਵਾਇਆ ਗਿਆ । ਇਸ ਮੌਕੇ ਪ੍ਰਧਾਨਗੀ ਮੰਡਲ ਵਿੱਚ ਜਸਵੰਤ ਸਿੰਘ ਜੱਸ, ਸ਼ੈਲਿੰਦਰਜੀਤ ਸਿੰਘ ਰਾਜਨ, ਗੁਰਮੀਤ ਕੜਿਆਲਵੀ, ਪ੍ਰਿੰਸੀਪਲ ਰਘਬੀਰ ਸਿੰਘ ਸੋਹਲ, ਡਾ: ਅਨੂਪ ਸਿੰਘ, ਵਰਗਿਸ ਸਲਾਮਤ, ਪ੍ਰਿੰ: ਬਚਿੱਤਰ ਸਿੰਘ ਤਰਸਿੱਕਾ, ਡਾ: ਸੰਤੋਖ ਸਿੰਘ ਭੋਮਾ, ਸੰਗੀਤਕਾਰ ਹਰਿੰਦਰ ਸੋਹਲ, ਪ੍ਰਿੰਸੀਪਲ ਮੰਗਲ ਸਿੰਘ ਕਿਸ਼ਨਪੁਰੀ, ਪ੍ਰਿੰ: ਸ਼ਿਵਚਰਨ ਸਿੰਘ, ਪ੍ਰਿੰਸੀਪਲ ਤੇਜਬੀਰ ਸਿੰਘ ਸੋਹਲ, ਪ੍ਰਿੰਸੀਪਲ ਜਸਪ੍ਰੀਤ ਕੌਰ ਸੋਹਲ, ਮਨਦੀਪ ਕੌਰ ਸੋਹਲ, ਪ੍ਰਿੰਸੀਪਲ ਗੁਰਮੁੱਖ ਸਿੰਘ ਅਰਜਨਮਾਂਗਾ, ਪੰਡਿਤ ਕ੍ਰਿਸ਼ਨ ਦਵੇਸਰ, ਸਿਮਰਜੀਤ ਕੌਰ ਸਿੰਮੀ, ਸੰਤੋਖ ਸਿੰਘ ਗੁਰਾਇਆ, ਮਾ: ਮਨਜੀਤ ਸਿੰਘ ਵੱਸੀ, ਡਾ: ਪਰਮਜੀਤ ਸਿੰਘ ਬਾਠ,: ਗੁਰਦਿਆਲ ਸਿੰਘ ਚੀਮਾਂ ਆਦਿ ਸੁਸ਼ੋਭਿਤ ਹੋਏ । ਸਭ ਤੋਂ ਪਹਿਲਾਂ ਇਕ ਸ਼ੋਕ ਮਤੇ ਰਾਹੀਂ ਪਹਿਲਗਾਮ ਵਿਖੇ ਸੈਲਾਨੀਆਂ 'ਤੇ ਹੋਏ ਹਮਲੇ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ, ਉਥੇ ਮਾਰੇ ਗਏ ਨਿਰਦੋਸ਼ ਲੋਕਾਂ ਨੂੰ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜ਼ਲੀ ਭੇਟ ਕੀਤੀ ਗਈ । ਇਸ ਦੌਰਾਨ ਜਿੱਥੇ ਸਭਾ ਦੇ ਸਰਪ੍ਰਸਤ ਪ੍ਰਿੰਸੀਪਲ ਰਘਬੀਰ ਸਿੰਘ ਸੋਹਲ ਦੀ ਪੁਸਤਕ "ਤੁਸੀਂ ਕਿਉਂ ਆਏ ਨਾ" ਸਮੁੱਚੇ ਪ੍ਰਧਾਨਗੀ ਮੰਡਲ ਨੇ ਲੋਕ ਅਰਪਿਤ ਕੀਤਾ, ਉਥੇ ਉੱਘੇ ਪੱਤਰਕਾਰ ਅਤੇ ਅਦਾਕਾਰ ਸ: ਜਸਵੰਤ ਸਿੰਘ ਜੱਸ ਨੂੰ ਵਿਦਵਾਨ ਲੇਖਕ ਪ੍ਰਿੰ: ਸੇਵਾ ਸਿੰਘ ਕੌੜਾ ਯਾਦਗਾਰੀ ਐਵਾਰਡ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਸ: ਸ਼ੈਲਿੰਦਰਜੀਤ ਸਿੰਘ ਰਾਜਨ ਨੂੰ ਹਾਸਰਸ ਕਵੀ ਸੂਬਾ ਸਿੰਘ ਯਾਦਗਾਰੀ ਐਵਾਰਡ ਅਤੇ ਉੱਘੇ ਕਹਾਣੀਕਾਰ ਸ੍ਰੀ ਗੁਰਮੀਤ ਕੜਿਆਲਵੀ ਨੂੰ ਹਾਸਰਸ ਕਵੀ ਸੂਬਾ ਸਿੰਘ ਯਾਦਗਾਰੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ । ਇਸ ਮੌਕੇ ਹੋਏ ਕਵੀ ਦਰਬਾਰ ਵਿੱਚ ਪ੍ਰਿੰ: ਜੈਮਸੀਨ ਮਾਹੀ, ਰਾਜਵਿੰਦਰ ਕੌਰ ਰਾਜ, ਸੁਰਿੰਦਰ ਖਿਲਚੀਆਂ, ਸਿਮਰਨ ਕੌਰ, ਮੱਖਣ ਸਿੰਘ ਭੈਣੀਵਾਲਾ, ਗੁਲਜ਼ਾਰ



ਸਿੰਘ ਖੈੜਾ, ਅਵਤਾਰ ਸਿੰਘ ਗੋਇੰਦਵਾਲੀਆ, ਹਰਦਰਸ਼ਨ ਕਮਲ, ਨਿਸ਼ਾਨ ਸਿੰਘ, ਕਿਰਪਾਲ ਸਿੰਘ ਵੇਰਕਾ, ਮਾਸਟਰ ਸੇਖੋਂ, ਰਾਜੀਵ ਮੈਹਣੀਆਂ, ਮੁਖਤਾਰ ਸਿੰਘ ਗਿੱਲ, ਨਵਦੀਪ ਸਿੰਘ ਬਦੇਸ਼ਾ, ਅਤਰ ਸਿੰਘ ਤਰਸਿੱਕਾ, ਸੁਲਤਾਨ ਭਾਰਤੀ, ਵਿਜੈ ਅਗਨੀਹੋਤਰੀ, ਰਮੇਸ਼ ਜਾਨੂੰ, ਅਜੀਤ ਸਠਿਆਲਵੀ, ਡਾ: ਕੁਲਵੰਤ ਸਿੰਘ ਬਾਠ, ਸੁਖਦੇਵ ਸਿੰਘ ਗੰਡਵਾਂ, ਬਲਬੀਰ ਸਿੰਘ ਬੀਰ, ਜਗਦੀਸ਼ ਸਿੰਘ ਬਮਰਾਹ, ਅਜੀਤ ਸਿੰਘ ਨਬੀਪੁਰੀ, ਸਕੱਤਰ ਪੁਰੇਵਾਲ, ਜਸਪਾਲ ਸਿੰਘ ਧੂਲ਼ਕਾ, ਜਗਤਾਰ ਸਿੰਘ ਝਲਾੜੀ, ਬਲਵਿੰਦਰ ਸਿੰਘ ਅਠੌਲਾ, ਗੁਰਪ੍ਰੀਤ ਸਿੰਘ ਪੁਰੇਵਾਲ, ਅਮਨਦੀਪ ਸਿੰਘ, ਬਲਜੀਤ ਸਿੰਘ, ਸੁਖਦੇਵ ਸਿੰਘ ਢਿੱਲੋਂ, ਆਦਿ ਨੇ ਕਾਵਿ ਰਚਨਾਵਾਂ ਰਾਹੀਂ ਚੰਗਾ ਰੰਗ ਬੰਨਿਆਂ । ਪੁਜੀਆਂ ਸਖਸ਼ੀਅਤਾਂ ਨੂੰ ਪ੍ਰਿੰਸੀਪਲ ਤੇਜਬੀਰ ਸਿੰਘ ਸੋਹਲ, ਪ੍ਰਿੰਸੀਪਲ ਜਸਪ੍ਰੀਤ ਕੌਰ ਸੋਹਲ, ਮਨਦੀਪ ਕੌਰ ਸੋਹਲ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

# ਕਾਲਕਾ ਅਤੇ ਕਾਹਲੋਂ ਨੂੰ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਉਲੰਘਣਾ ਕਰਨ ਅਧੀਨ ਦਿੱਲੀ ਕਮੇਟੀ ਤੋਂ ਤੁਰੰਤ ਮੁਅੱਤਲ ਕੀਤਾ ਜਾਵੇ: ਜਸਮੀਤ ਸਿੰਘ ਪਿਤਮਪੁਰਾ



**ਦਿੱਲੀ, 28 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ):** ਸ਼੍ਰੋਮਣੀ ਅਕਾਲੀ ਦਲ ਦੇ ਯੂਥ ਅਕਾਲੀ ਦਲ ਦੇ ਨੈਸ਼ਨਲ ਕੋਰ ਕਮੇਟੀ ਮੈਂਬਰ ਜਸਮੀਤ ਸਿੰਘ ਪੀਤਮਪੁਰਾ ਨੇ ਦਿੱਲੀ ਕਮੇਟੀ ਪ੍ਰਧਾਨ ਅਤੇ ਸਕੱਤਰ ਉਪਰ ਪਲਟਵਾਰ ਕਰਦਿਆਂ ਕਿਹਾ ਕਿ ਸਿੱਖ ਧਰਮ ਦੀ ਸਰਬਉਚ ਅਥਾਰਟੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਉਲੰਘਣਾ ਕਰਨ ਅਧੀਨ ਦੋਨਾਂ ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਤੁਰੰਤ ਮੁਅੱਤਲ ਕੀਤਾ ਜਾਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਇਹ ਦੋਵੇਂ ਵਿਅਕਤੀ ਲਗਾਤਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਹੁਕਮਾਂ ਦੀ ਅਣਦੇਖੀ ਕਰ ਰਹੇ ਹਨ, ਜਿਸ ਨਾਲ ਨਾ ਸਿਰਫ ਧਰਮਕ ਪ੍ਰਕਿਰਿਆਵਾਂ ਦੀ ਤੋਹੀਨ ਹੋ ਰਹੀ ਹੈ, ਸਗੋਂ ਸਿੱਖ ਕੌਮ ਦੀ ਏਕਤਾ ਅਤੇ ਇਜ਼ਤ ਨੂੰ ਵੀ ਗੰਭੀਰ ਝਟਕਾ ਲੱਗ ਰਿਹਾ ਹੈ। ਜਸਮੀਤ ਸਿੰਘ ਨੇ ਯਾਦ ਦਿਵਾਇਆ ਕਿ ਬੀਤੀ 2 ਦਸੰਬਰ ਨੂੰ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਮਨਜਿੰਦਰ ਸਿਰਸਾ ਨੂੰ ਦਾਹੜਾ ਰੰਗਣ ਕਰਕੇ ਸਿੱਖ ਮੰਨਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਤੇ ਹਾਲੇ ਤਕ ਸਿਰਸਾ ਨੇ ਆਉਣਾ ਸਪਸ਼ਟੀਕਰਨ ਨਹੀਂ ਦਿੱਤਾ ਹੈ ਤੇ ਤਖਤ ਸਾਹਿਬ ਦੇ ਆਦੇਸ਼ਾਂ ਦੀ ਘੋਰ ਉਲੰਘਣਾ ਜ਼ਾਰੀ ਹੈ । ਇਸਦੇ ਬਾਵਜੂਦ, 19 ਅਪ੍ਰੈਲ ਨੂੰ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਲਾਲ ਕਿਲ੍ਹੇ 'ਤੇ ਫਤਿਹ ਦਿਵਸ ਮਨਾਉਂਦੇ ਹੋਏ ਉਨ੍ਹਾਂ ਨੂੰ ਨਾਂ ਸਿਰਫ਼ ਸਿਰੋਪਾਓ ਦਿੱਤਾ ਗਿਆ, ਸਗੋਂ ਧਾਰਮਿਕ ਸਮਾਗਮ ਵਿੱਚ ਸਟੇਜ ਤੋਂ ਬੋਲਣ ਲਈ ਮਾਇਕ ਵੀ ਦਿੱਤਾ ਗਿਆ। ਇਹ ਕਾਰਵਾਈ ਸਿੱਖ ਕੌਮ ਦੀ ਆਤਮਗਰਿਮਾ ਅਤੇ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਹੇਠ ਚਲਦੇ ਧਾਰਮਿਕ ਅਨੁਸ਼ਾਸਨ ਦੀ ਖੁੱਲ੍ਹੀ ਉਲੰਘਣਾ ਹੈ। 2019 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾਂ ਪ੍ਰਕਾਸ਼ ਪੁਰਬ ਤੇ ਦਿੱਲੀ ਕਮੇਟੀ ਵੱਲੋਂ ਦਿੱਲੀ ਤੋਂ ਸ੍ਰੀ ਨਨਕਾਣਾ ਸਾਹਿਬ ਤਕ ਨਗਰ ਕੀਰਤਨ ਲੈ ਜਾਣ ਦੇ ਨਾਮ ਤੇ ਪ੍ਰਮੋਸ਼ਨ ਕਰਕੇ ਸੋਨੇ ਦੀ ਪਾਲਕੀ ਦੇ ਨਾਮ ਤੇ ਵਡੀ ਰੱਖਮ ਨੂੰ ਇਕੱਤਰ ਕੀਤਾ । ਇਕੱਤਰ ਕੀਤੀ ਗਈ ਰਕਮ ਅਤੇ ਸੋਨੇ ਦੀ ਪੂਰੀ ਜਾਣਕਾਰੀ ਜਾਂ ਹਿਸਾਬ ਅਜੇ ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਅਨੁਸਾਰ ਸੰਗਤਾਂ ਨੂੰ ਵੱਡੇ ਵੱਡੇ ਹੋਰਡਿੰਗ ਲਾ ਕੇ ਨਹੀਂ ਦਿੱਤਾ ਗਿਆ। ਇਸ ਤੋਂ ਇਲਾਵਾ, ਬੰਦੀ ਸਿੰਘਾਂ ਦੀ ਰਿਹਾਈ ਲਈ ਬਣੀ ਕਮੇਟੀ ਦਾ ਮੈਂਬਰ ਹੋਣ ਦੇ ਬਾਵਜੂਦ, ਕਮੇਟੀ ਪ੍ਰਧਾਨ ਕਾਲਕਾ ਕੇਂਦਰੀ ਗ੍ਰਹਿ ਮੰਤਰੀ ਨਾਲ ਮਿਲਣ ਦੀ ਕੋਸ਼ਿਸ਼ ਵਿੱਚ ਨਾਕਾਮ ਰਹੇ, ਜਿਸ ਕਾਰਨ ਸਿੱਖ ਹੱਕਾਂ ਦੀ ਅਵਾਜ਼ ਨੂੰ ਵੱਡਾ ਨੁਕਸਾਨ ਹੋ ਰਿਹਾ ਹੈ । 2 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਹੁਕਮਾਂ ਦੇ ਬਾਵਜੂਦ ਇਹਨਾਂ ਨੇ ਆਪਣਾ ਅਲੱਗ ਤੋਂ ਬਣਾਈ ਪਾਰਟੀ ਨੂੰ ਨਹੀਂ ਸਮੇਟਿਆ, ਜੋ ਕਿ ਸਰਾਸਰ ਗੁਰਮਤਿ ਅਤੇ ਪੰਥਕ ਅਨੁਸ਼ਾਸਨ ਦੀ ਅਣਦੇਖੀ ਹੈ। ਜਸਮੀਤ ਸਿੰਘ ਪੀਤਮਪੁਰਾ ਨੇ ਮੰਗ ਕੀਤੀ ਕਿ ਕਮੇਟੀ ਪ੍ਰਧਾਨ ਕਾਲਕਾ ਤੇ ਸਕੱਤਰ ਕਾਹਲੋਂ ਨੂੰ ਤੁਰੰਤ ਦਿੱਲੀ ਕਮੇਟੀ ਤੋਂ ਬਰਖਾਸਤ ਕਰਕੇ ਪੰਥਕ ਅਦਾਲਤ ਸ੍ਰੀ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਕੀਤਾ ਜਾਵੇ, ਤਾਂ ਜੋ ਆਉਣ ਵਾਲੇ ਸਮੇਂ ਵਿੱਚ ਕੋਈ ਹੋਰ ਵਿਅਕਤੀ ਧਾਰਮਿਕ ਸੰਸਥਾਵਾਂ ਦੀ ਤੋਹੀਨ ਕਰਨ ਦੀ ਜੁਰਅਤ ਨਾ ਕਰੇ। ਉਹਨਾਂ ਅਖੀਰ ਵਿੱਚ ਕਿਹਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਸਾਡੇ ਲਈ ਜੀਵਨ ਤੋਂ ਵੱਧ ਪਵਿੱਤਰ ਹੈ। ਜੋ ਵੀ ਉਲੰਘਣਾ ਕਰੇਗਾ, ਉਹ ਕੌਮ ਦੀ ਅਦਾਲਤ ਵਿੱਚ ਸਖ਼ਤ ਸਜ਼ਾ ਦੇ ਯੋਗ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਤਲਵੰਡੀ ਸਾਬੋ ਦੇ ਸਰਗੁਣ ਪਬਲਿਕ ਸਕੂਲ ਵਿਖੇ ਵਿਦਿਆਰਥੀਆਂ ਨੂੰ ਮਲੇਰੀਏ ਸਬੰਧੀ ਕੀਤਾ ਗਿਆ ਜਾਗਰੂਕ



ਤਲਵੰਡੀ ਸਾਬੋ, 28 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)- ਸਿਵਲ ਸਰਜਨ ਬਠਿੰਡਾ ਡਾਕਟਰ ਗੁਰਜੀਤ ਸਿੰਘ ਅਤੇ ਜਿਲਾ ਸਿਹਤ ਅਫਸਰ ਡਾਕਟਰ ਊਸ਼ਾ ਗੋਇਲ ਦੇ ਦਿਸ਼ਾ ਨਿਰਦੇਸ਼ਾਂ ਦੇ ਅਨੁਸਾਰ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਐੱਸ.ਡੀ.ਐੱਚ ਤਲਵੰਡੀ ਸਾਬੋ ਡਾਕਟਰ ਰਵੀ ਕਾਂਤ ਗੁਪਤਾ ਅਤੇ ਏ.ਐੱਮ.ਓ ਹਰਿਮੰਦਰ ਸਿੰਘ ਦੀ ਯੋਗ ਅਗਵਾਈ ਵਿੱਚ ਤਲਵੰਡੀ ਸਾਬੋ ਦੇ ਸਰਗੁਣ ਸਕੂਲ ਲੇਲੇਵਾਲਾ ਰੋੜ ਵਿਖੇ ਮਲੇਰੀਆ ਦਿਵਸ ਮਨਾਇਆ ਗਿਆ। ਇਸ ਮੌਕੇ ਸਿਹਤ ਸੁਪਰਵਾਈਜ਼ਰ ਸ੍ਰੀ ਕੁਲਦੀਪ ਸਿੰਘ ਦੀ ਅਗਵਾਈ ਵਾਲੀ ਟੀਮ ਦੇ ਸਿਹਤ ਕਰਮਚਾਰੀ ਅਮਨਦੀਪ ਸਿੰਘ ਗਿਆਨਾ ਨੇ ਦੱਸਿਆ ਕਿ ਠੰਢ ਅਤੇ ਕਾਂਬਾ ਲੱਗ ਕੇ ਤੇਜ਼ ਬੁਖਾਰ, ਸਿਰ ਦਰਦ, ਬੁਖਾਰ ਉਤਰਨ ਤੋਂ ਬਾਦ ਥਕਾਵਟ ਤੇ ਕਮਜੋਰੀ ਹੋਣਾ ਅਤੇ ਸਰੀਰ ਨੂੰ ਪਸੀਨਾ ਆਉਣਾ ਮਲੇਰੀਆ ਬੁਖਾਰ ਦੇ ਲੱਛਣ ਹਨ। ਵਿਅਕਤੀ ਨੂੰ ਇਹਨਾਂ ਹਾਲਤਾਂ ਦੇ ਵਿੱਚ ਨੇੜੇ ਦੀ ਸਿਹਤ ਸੰਸਥਾ ਨਾਲ ਸੰਪਰਕ ਕਰਨਾ ਚਾਹੀਦਾ ਹੈ। ਇਸ ਦੌਰਾਨ ਸਿਹਤ ਕਰਮਚਾਰੀ ਕੁਲਦੀਪ ਸਿੰਘ ਸੰਗਤ ਨੇ ਦੱਸਿਆ ਕਿ ਬਰਸਾਤੀ ਮੌਸਮ ਦੌਰਾਨ ਮਲੇਰੀਏ ਦਾ ਮੱਛਰ ਖੜੇ ਸਾਫ ਪਾਣੀ ਤੇ ਪੈਦਾ ਹੁੰਦਾ ਹੈ। ਇਸ ਕਰਕੇ ਸਾਨੂੰ ਕਿਤੇ ਵੀ ਪਾਣੀ ਖੜਾ ਨਹੀਂ ਹੋਣ ਦੇਣਾ ਚਾਹੀਦਾ, ਘਰਾਂ ਦੇ ਆਸ ਪਾਸ ਟੋਏ ਮਿੱਟੀ ਨਾਲ ਭਰ ਦੇਣੇ ਚਾਹੀਦੇ ਹਨ। ਇਸ ਮੌਕੇ ਸਿਹਤ ਕਰਮਚਾਰੀ ਕੁਲਦੀਪ ਕੁਮਾਰ ਨਥੇਹਾ ਅਤੇ ਗੁਰਸੇਵਕ ਸਿੰਘ ਤਲਵੰਡੀ ਸਾਬੋ ਨੇ ਦੱਸਿਆ ਕਿ ਇਹ ਮੱਛਰ ਸਵੇਰੇ ਅਤੇ ਰਾਤ ਵੇਲੇ ਕੱਟਦਾ ਹੈ, ਇਸ ਲਈ ਸਾਨੂੰ ਪੂਰੀਆਂ ਬਾਹਾਂ ਵਾਲੇ ਕੱਪੜੇ ਪਹਿਨਣੇ ਚਾਹਿਦੇ ਹਨ ਤਾਂ ਜੋ ਸਰੀਰ ਚੰਗੀ ਤਰਾਂ ਢੱਕਿਆ ਰਹੇ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਪਹਿਲਗਾਮ ਕਾਂਡ

# ਅੱਗ ਨਾਲ ਅੱਗ ਹੋਰ ਭੜਕਾਈ ਤਾਂ ਜਾ ਸਕਦੀ ਹੈ, ਪਰ ਬੁਝਾਈ ਤਾਂ ਨਿਸਚੇ ਹੀ ਨਹੀਂ ਜਾ ਸਕਦੀ !

**22 ਅਪਰੈਲ** ਨੂੰ ਜੰਮੂ ਕਸ਼ਮੀਰ ਦੀ ਪਹਿਲਗਾਮ ਯਾਤਰਾਗਾਹ ਵਿਖੇ ਅਣਪਛਾਤੇ ਅੱਤਵਾਦੀ ਦਰਿੰਦਿਆਂ ਤੇ ਮਾਨਵਤਾ ਦੇ ਹੱਤਿਆਰਿਆਂ ਵਲੋਂ ਜਿਸ ਕਰੂਰਤਾ ਨਾਲ ਹਮਲਾ ਕਰਕੇ ਜਿਸ ਤਰਾਂ 28 ਬੇਕਸੂਰ ਤੇ ਨਿਹੱਥੇ ਲੋਕਾਂ ਦਾ ਬੇਰਹਿਮੀ ਤੇ ਬੇਕਿਰਕੀ ਨਾਲ ਕਤਲ ਕੀਤਾ, ਉਸ ਬਾਰੇ ਸੋਚ ਕੇ ਕਲੇਜਾ ਮੂੰਹ ਨੂੰ ਆਉਂਦਾ ਹੈ, ਲੂ ਕੰਡੇ ਖੜੇ ਹੋ ਜਾਂਦੇ ਹਨ, ਅੱਖਾਂ ਨਮ ਹੋ ਜਾਂਦੀਆਂ ਹਨ ਤੇ ਰੂਹ ਕੰਬ ਜਾਂਦੀ ਹੈ ।

ਜਿਹਨਾਂ ਨੇ ਵੀ ਇਹ ਘਿਨਾਉਣਾ ਕਾਰਾ ਕੀਤਾ ਹੈ, ਉਹਨਾਂ ਹੱਤਿਆਰਿਆਂ ਨੂੰ ਸਮੁੰਦਰ ਦੇ ਵਿਚਕਾਰੋਂ ਤੱਕ ਲੱਭਕੇ ਵੀਚ ਬਜਾਰ ਜਾਂ ਕਿਸੇ ਚੌਕ ਚੁਰਸਤੇ ਵਿਚ ਖੜ੍ਹੇ ਕਰਕੇ ਐਸੀ ਮਿਸਾਲੀ ਸਜਾ ਦਿੱਤੀ ਜਾਣੀ ਚਾਹੀਦੀ ਹੈ ਕਿ ਭਵਿੱਖ ਵਿਚ ਦੁਬਾਰਾ ਕੋਈ ਵੀ ਇਸ ਤਰਾਂ ਦਾ ਕਾਰਾ ਕਰਨ ਦੀ ਜੁਰੂਅਤ ਨਾ ਕਰ ਸਕੇ ।

ਇਥੇ ਸਵਾਲ ਹਿੰਦੂ ਮੁਸਲਮ ਦਾ ਨਹੀਂ ਤੇ ਨਾ ਹੀ ਭਾਰਤ ਤੇ ਪਾਕਿਸਤਾਨ ਦਾ ਹੈ , ਨਾ ਹੀ ਭਾਰਤ ਤੇ ਪਾਕਿਸਤਾਨ ਚ ਵਸਦੇ ਆਮ ਸ਼ਹਿਰੀਆਂ ਦਾ ਹੈ, ਅਸਲ ਸਵਾਲ ਮਨੁੱਖਤਾ ਦਾ ਹੈ, ਮਨੁੱਖਤਾ ਦੇ ਹੱਤਿਆਰਿਆਂ ਦਾ ਹੈ ।ਸਵਾਲ ਇਹ ਵੀ ਹੈ ਕਿ ਭਾਰਤ ਅਤੇ ਪਾਕਿਸਤਾਨ



ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ.)

ਦੇ ਸਿਆਸੀ ਗਲਿਆਰੇ ਕਿਵੇਂ ਸੋਚਦੇ ਹਨ, ਕੀ ਨਫਰਤ ਦਾ ਜ਼ਿਹਰ ਬੀਜਣਾ ਤੇ ਉਗਲਣਾ, ਇਕ ਦੂਸਰੇ ਨੂੰ ਧਮਕੀਆਂ ਦੇਣਾ, ਬਿਨਾ ਕਿਸੇ ਜਾਂਚ ਪੜਤਾਲ ਅਤੇ ਸਬੂਤ ਤੋਂ ਹਰ ਵਾਰ ਸਿੱਧੀ ਉਂਗਲ ਆਪਣੇ ਗੁਆਂਢੀ ਦੇਸ਼ 'ਤੇ ਉਠਾ ਦੇਣੀ, ਬਿਨਾ ਕਿਸੇ ਠੋਸ ਸਬੂਤ ਉਸ ਨੂੰ ਦੋਸ਼ੀ ਠਹਿਰਾ ਕੇ ਸਜਾ ਵੀ ਕੁੱਝ ਕੁ ਘੰਟਿਆਂ ਦੇ ਅੰਦਰ ਨਿਰਧਾਰਤ ਕਰ ਦੇਣੀ ਜਾਂ ਇੰਜ ਕਹਿ ਲਓ ਕਿ ਬਿਨਾ ਕਿਸੇ ਜਾਂਚ ਪੜਤਾਲ ਦੇ ਗੁਆਂਢੀ ਮੁਲਕ 'ਤੇ ਪਾਬੰਦੀਆਂ ਆਇਤ ਕਰਕੇ ਉਸ ਦਾ ਹੁੱਕਾ ਪਾਣੀ ਬੰਦ ਕਰ ਦੇਣਾ ਤੇ ਆਪਣੇ ਆਪ ਨੂੰ ਤੇ ਆਪਣੀ ਕੁਰਸੀ ਨੂੰ ਸਲਾਮਤ ਕਰ ਲੈਣਾ ਕਿਧਰੋਂ ਦੀ ਨੀਤੀ ਤੇ ਸਿਆਸਤ ਹੋਈ ? ।

ਸਵਾਲ ਹੋਰ ਵੀ ਬਹੁਤ ਸਾਰੇ ਹਨ, ਪਰ ਗੱਲ ਅੱਗੇ ਤੋਰਨ ਤੋਂ ਪਹਿਲਾਂ ਆਓ ਜਰਾ ਇਕ ਪਿਛਲ ਝਾਤ ਮਾਰਕੇ ਦੇਖੀਏ ਕਿ ਹੁਣ ਤੱਕ ਭਾਵ ਪਹਿਲਗਾਮ ਤੋਂ ਪਹਿਲਾਂ ਤੱਕ ਭਾਰਤ ਵਿਚ ਇਸ ਤਰਾਂ ਦੇ ਕੁੱਲ, ਕਿੰਨੇ ਕਾਂਡ ਹੋ ਚੁੱਕੇ ਹਨ । ਕੰਧਾਰ ਜਹਾਜ ਅਗਵਾ ਕਾਂਡ (1999), ਕਾਰਗਿਲ ਯੁੱਧ (1999), ਦੇਸ਼ ਦੀ ਪਾਰਲੀਮੈਂਟ ਉੱਤੇ ਅੱਤਵਾਦੀ ਹਮਲਾ (2001), ਅਕਸ਼ਰਧਾਮ ਉੱਤੇ ਹਮਲਾ (2002), ਅਮਰਨਾਥ ਜਾ ਰਹੇ ਯਾਤਰੂਆਂ ਉੱਤੇ ਹਮਲਾ (2002 ਅਤੇ 2017), ਗੋਧਰਾ ਕਾਂਡ (2002), ਪਠਾਨਕੋਟ ਏਅਰ ਬੇਸ ਹਮਲਾ (2016), ਉੜੀ ਆਤੰਕੀ ਹਮਲਾ (2016), ਪੁਲਵਾਮਾ ਅੱਤਵਾਦੀ ਅਟੈਕ ਜਿਸ ਵਿਚ 40 ਫੌਜੀ ਜਵਾਨ ਮਾਰੇ ਹਏ (2019) ਅਤੇ ਹੁਣ ਪਹਿਲਗਾਮ ਅੱਤਵਾਦੀ ਅਟੈਕ (2025) ਜਿਸ ਵਿਚ 28 ਬੇਕਸੂਰ ਉਹ ਲੋਕ ਮਾਰੇ ਗਏ , ਜੋ ਆਪੋ ਆਪਣੇ ਜੀਵਨ ਦੇ ਫੁਰਸਤ ਪਲਾਂ ਵਿਚੋਂ ਕੁੱਝ ਸਮਾਂ ਕੱਢਕੇ ਉਥੋਂ ਖੁਸ਼ੀ ਤੇ ਮਨ ਦੀ ਸ਼ਾਂਤੀ ਦੀ ਭਾਲ ਚ ਕੁੱਝ ਸਮਾਂ ਗੁਜਾਰਨ ਗਏ ਸਨ ।

ਆਵਾਜ਼ਿ ਕੌਮ AWAZE QAUM International Newspaper & WEB TV

ਇਹਨਾਂ ਉੱਕਤ ਸਾਰੇ ਕਾਂਡਾ ਵਿਚ ਇਕ ਸਾਂਝੀ ਕੜੀ ਇਹ ਹੈ ਕਿ ਇਹ ਸਾਰੇ ਦੇ ਸਾਰੇ ਵੱਡੇ ਕਾਂਡ ਭਾਰਤੀ ਜਨਤਾ ਪਾਰਟੀ ਦੀਆਂ ਸਰਕਾਰਾਂ ਵੇਲੇ ਹੀ ਵਾਪਰੇ ਹਨ ਤੇ ਇਸ ਵੇਲੇ ਵੀ ਭਾਰਤ ਵਿਚ ਈ ਵੀ ਐਮ ਦੇ ਅਲਾਦੀਨ ਜਿਨ ਨਾਲ ਬਣੀ ਹੋਈ ਭਾਜਪਾ ਸਰਕਾਰ ਹੀ ਹੈ । ਹੁਣ ਇਹ ਇਕ ਵੱਖਰਾ ਵਿਸ਼ਾ ਹੈ ਕਿ ਇਹ ਸਭ ਕੁੱਝ ਇਤਫਾਕਨ ਹੈ, ਦਾਲ ਵਿਚ ਕੁੱਝ ਕਾਲਾ ਹੈ ਜਾਂ ਫਿਰ ਸਾਰੀ ਦਾਲ ਹੀ ਕਾਲੀ ਹੈ । ਜਿਕਰਯੋਗ ਹੈ ਕਿ ਮਰਹੂਮ ਮਨਮੋਹਨ ਸਿੰਘ ਦੀ ਸਰਕਾਰ ਵੀ ਦਸ ਸਾਲ ਰਹੀ , ਪਰ ਉਸ ਸਮੇਂ ਇਸ ਤਰਾਂ ਦੀ ਕੋਈ ਘਟਨਾ ਨਹੀਂ ਵਾਪਰੀ ।

ਅਗਲੀ ਗੱਲ ਇਹ ਹੈ ਕਿ ਭਾਰਤੀ ਫੌਜ ਦੀ ਕੁੱਲ ਨਫਰੀ ਡੇਢ ਕੁ ਮਿਲੀਅਨ ਦੇ ਲਗਭੱਗ ਹੈ ਤੇ ਇਸ ਵਿਚੋਂ ਅੱਧੀ ਫੌਜ ਭਾਵ ਸਾਢੇ ਕੁ ਸੱਤ ਲੱਖ ਇਕੱਲੇ ਜੰਮੂ ਕਸ਼ਮੀਰ ਵਿਚ ਤਾਇਨਾਤ ਹੈ । ਇਸ ਤੋਂ ਇਲਾਵਾ ਸਰਹੱਦ ਉੱਤੇ ਪੈਰਾ ਮਿਲਟਰੀ ਤੇ ਬੀ ਐਸ ਐੱਫ ਦੀਆਂ ਯੂਨਿਟਾਂ ਵੱਖਰੇ ਤੌਰ 'ਤੇ ਤਾਇਨਾਤ ਹਨ । ਪਾਕਿਸਤਾਨ ਸਰਹੱਦ ਦਾ ਕਾਫੀ ਹਿੱਸਾ ਕੰਡੇਦਾਰ ਤਾਰ ਨਾਲ ਪੂਰੀ ਤਰਾਂ ਸੀਲ ਕੀਤਾ ਹੋਇਆ ਹੈ, ਭਾਰਤ ਸਰਕਾਰ ਦੇ ਮੰਤਰੀ ਆਪ ਮੰਨਦੇ ਹਨ ਕਿ ਸਰਹੱਦ ਉੱਤੇ ਚੌਕਸੀ ਏਨੀ ਜਿਆਦਾ ਹੈ ਕਿ ਚਿੜੀ ਵੀ ਪਰ ਤੱਕ ਨਹੀ ਮਾਰ ਸਕਦੀ, ਹੁਣ ਸਵਾਲ ਇਥੇ ਇਹ ਉਠਦਾ ਹੈ ਕਿ ਜੇਕਰ ਏਨੀ ਭਾਰੀ ਸੁਰੱਖਿਆ ਦੇ ਹੁੰਦਿਆਂ ਸੁੰਦਿਆਂ ਵੀ ਏਡੇ ਵੱਡੇ ਵੱਡੇ ਦਰਦਨਾਕ ਕਾਂਡ ਵਾਪਰ ਰਹੇ ਹਨ ਤੇ ਉਹ ਵੀ ਵਾਰ ਵਾਰ ਵਾਪਰ ਰਹੇ ਹਨ ਤਾਂ ਫਿਰ ਕੀ ਇਸ ਨੂੰ ਮੁਲਕ ਦੇ ਖੁਫੀਆਤੰਤਰ, ਫੌਜ ਤੇ ਸਰਕਾਰ ਦੀ ਸਮੂਹਿਕ ਅਸਫਲਤਾ ਨਹੀਂ ?

ਅੱਤਵਾਦੀ ਲੋਕਾਂ ਦਾ ਕੋਈ ਦੀਨ ਧਰਮ ਜੇਕਰ ਹੁੰਦਾ ਹੈ ਤਾਂ ਉਹ ਸਿਰਫ ਤੇ ਸਿਰਫ ਗੈਰ ਸਮਾਜੀ ਤੇ ਗੈਰ ਮਨੁੱਖੀ ਕਾਰਵਾਈਆਂ ਕਰਕੇ ਲੋਕਾਂ ਤੇ ਸਰਕਾਰਾਂ ਵਿਚ ਡਰ ਤੇ ਸਹਿਮ ਦਾ ਮਾਹੌਲ ਪੈਦਾ ਕਰਨਾ ਹੁੰਦਾ ਹੈ ਜਦ ਕਿ ਸਰਕਾਰਾਂ ਦਾ ਕੰਮ ਇਹਨਾਂ ਅਨਸਰਾਂ ਨੂੰ ਨੱਥ ਪਾਉਣਾ ਹੁੰਦਾ ਹੈ ਤੇ ਲੋਕਾਂ ਦੇ ਜਾਨ ਮਾਲ ਦੀ ਰਾਖੀ ਕਰਨੀ ਹੁੰਦੀ ਹੈ, ਪਰੰਤੂ ਉਕਤ ਵਰਣਿਤ ਦੁੱਖਦਾਇਕ ਘਟਨਾਵਾਂ ਦੌਰਾਨ ਜੇਕਰ ਸਰਸਰੀ ਜਿਹੀ ਵੀ ਨਜਰ ਮਾਰੋ ਤਾਂ ਕਿਸੇ ਇਕ ਘਟਨਾ ਵਿਚ ਵੀ ਸਰਕਾਰ ਵਲੋਂ ਲੋੜੀਂਦੀ ਸੁਰੱਖਿਆ ਪਰਦਾਨ ਨਹੀ ਕੀਤੀ ਗਈ ਤੇ ਨਾ ਹੀ ਅੱਜ ਤੱਕ ਸਿਵਾਏ ਪਾਕਿਸਤਾਨ ਨੂੰ ਦੋਸ਼ੀ ਠਹਿਰਾਉਣ ਤੋਂ ਇਲਾਵਾ ਕੋਈ ਜਾਂਚ ਪੜਤਾਲ ਕਰਕੇ ਲੋਕਾਂ ਅੱਗੇ ਨਿਰਪੱਖ ਨਿਆਂਇਕ ਰਿਪੋਰਟ ਹੀ ਰੱਖੀ ਗਈ ਹੈ ।



ਪਹਿਲਗਾਮ ਇਕ ਸੈਰਗਾਹ ਹੈ ਜਿਥੇ ਰੌਜਾਨਾ ਲਗਭੱਗ ਦੋ ਕੁ ਹਜਾਰ ਸੈਲਾਨੀ ਪਹੁੰਚਦੇ ਹਨ ਤੇ ਆਪਣੀ ਜ਼ਿੰਦਗੀ ਦੇ ਫੁਰਸਤੀ ਪਲਾਂ ਦਾ ਅਨੰਦ ਮਾਣਦੇ ਹਨ । ਲੋਕਾਂ ਦੀ ਜਾਨ ਮਾਲ ਦੀ ਰੱਖਿਆ ਸਰਕਾਰ ਦਾ ਪਰਮ ਕਰਤਵ ਹੁੰਦਾ ਹੈ ਜਿਸ ਦੀ ਗਰੰਟੀ ਦੇਸ਼ ਦੇ ਸੰਵਿਧਾਨ ਵਿਚ ਵੀ ਦਿੱਤੀ ਗਈ ਹੈ, ਪਰ ਪਹਿਲਗਾਮ ਵਰਗੀ ਮਸ਼ਹੂਰ ਸੈਰਗਾਹ ਉਤੇ ਲੋਕਾਂ ਦੀ ਜਾਨੀ ਸੁਰੱਖਿਆ, ਸਰਕਾਰ ਦੇ ਕਦੇ ਏਜੰਡੇ ਉੱਤੇ ਹੀ ਨਹੀਂ ਰਹੀ, ਏਹੀ ਕਾਰਨ ਹੈ ਕਿ ਉਥੇ ਬਹੁਤੇ ਲੋਕ ਤਾਂ ਹਮਲੇ ਤੋਂ ਬਾਅਦ ਇਲਾਜ ਖੁਣੋ ਤੜਫ ਤੜਫ ਕੇ ਮਰੇ , ਮੁਢਲੇ ਇਲਾਜ ਉਪਚਾਰ ਦੀ ਗੱਲ ਤਾਂ ਦੂਰ ਰਹੀ, ਯਾਤਰੂਆਂ ਵਾਸਤੇ ਪਾਣੀ ਪੀਣ ਦਾ ਮਾਕੂਲ ਪ੍ਰਬੰਧ ਵੀ ਨਹੀਂ ਸੀ, ਐਮਰਜੰਸੀ ਦੀ ਹਾਲਤ ਵਿਚ ਨੇੜੇ ਤੇੜੇ ਸਿਹਤ ਕੇਂਦਰ ਹੋਣ ਦੀ ਗੱਲ ਤਾਂ ਦੂਰ ਰਹੀ, ਉਥੇ ਐਮਰਜੰਸੀ ਵਾਹਨ ਦੀ ਸਹੂਲਤ ਵੀ ਨਹੀਂ ਸੀ । ਏਹੀ ਕਾਰਨ ਹੈ ਕਿ ਬਹੁਤੀਆਂ ਜਾਨਾਂ, ਹਮਲੇ ਤੋਂ ਡੇਢ ਦੋ ਘੰਟੇ ਬਾਅਦ ਵੀ ਮੈਡੀਕਲ ਸਹਾਇਤਾ ਨਾ ਮਿਲਣ ਕਰਕੇ ਤੜਫਦੀਆਂ ਹੋਈਆਂ ਦਮ ਤੋੜ ਗਈਆਂ ।

ਪਹਿਲਗਾਮ, ਪਾਕਿਸਤਾਨ ਦੀ ਸਰਹੱਦ ਤੋਂ ਕੁਰੀਬ ਚਾਰ ਸੌ ਕਿਲੋਮੀਟਰ ਦੀ ਦੂਰੀ ਉੱਤੇ ਵਾਕਿਆ ਹੈ । ਭਾਰਤ ਦੀ ਕੁੱਲ ਫੌਜ (15 ਮਿਲੀਅਨ ) ਦਾ ਅੱਧਾ ਹਿੱਸਾ ( ਸਵਾ ਕੁ ਸੱਤ ਲੱਖ) ਜੰਮੂ ਕਸ਼ਮੀਰ ਵਿਚ ਤਾਇਨਾਤ ਹੈ, ਸਰਹੱਦ ਪੂਰੀ ਤਰਾਂ ਸੀਲ ਹੈ, ਫਿਰ ਜੇਕਰ ਅੱਤਵਾਦੀ ਪਾਕਿਸਤਾਨ ਤੋਂ ਸਰਹੱਦ ਟੱਪਕੇ ਇੱਥੇ ਆਏ ਤੇ ਵਾਰਦਾਤ ਕਰਕੇ ਸਹੀ ਸਲਾਮਤ ਮੁੜਕੇ ਵਾਪਿਸ ਚਲੇ ਗਏ ਤਾਂ ਕੀ ਭਾਰਤ ਦਾ ਖੁਫੀਆਤੰਤਰ ਅਤੇ ਸੁਰੱਖਿਆਤੰਤਰ ਉਸ ਵੇਲੇ ਕੁੰਭਕਰਨੀ ਨੀਂਦੇ ਸੁੱਤੇ ਪਏ ਸਨ ਕਿ ਉਹਨਾਂ ਨੂੰ ਪਤਾ ਹੀ ਨਹੀਂ ਲੱਗਾ ਕਿ ਕੌਣ ਆਇਆ, ਕੀ ਕਰ ਗਿਆ ਤੇ ਕਦੋਂ ਵਾਪਸ ਚਲਾ ਗਿਆ ? ਦਰਅਸਲ , ਪੁਲਵਾਮਾ ਤੇ ਪਠਾਨਕੋਟ ਏਅਰਬੇਸ ਵਰਗੀਆਂ ਘਟਨਾਵਾਂ ਵਾਂਗ ਹੀ ਭਾਰਤ ਸਰਕਾਰ ਦੀ ਇਹ ਉਕਤ ਘੜੀ ਘੜਾਈ ਇਲਜਾਮ ਤਰਾਸ਼ੀ ਗਲੇ ਤੋਂ ਹੇਠਾਂ ਨਹੀਂ ਉੱਤਰਦੀ । ਇਹ ਬਿਲਕੁਲ ਉਸੇ ਤਰਾਂ ਹੈ ਜਿਸ ਤਰਾਂ 1980 -1990 ਦੇ ਦਹਾਕੇ ਦੌਰਾਨ ਪੰਜਾਬ ਪੁਲਿਸ ਇਕ ਕਥਿਤ ਮੁਕਾਬਲੇ ਦੀ ਖਬਰ ਬਣਾਉਣ ਸਮੇ ਕਰਦੀ ਸੀ ਕਿ ਨਹਿਰ ਦੇ ਪੁਲ 'ਤੇ ਪੁਲਿਸ ਨੇ ਨਾਕਾ ਲਾਇਆ ਹੋਇਆ ਸੀ, ਦੋ ਨੌਜਵਾਨ ਸਕੂਟਰ/ਮੋਟਰਸਾਇਕਲ 'ਤੇ ਆਉਂਦੇ ਦਿਸੇ, ਪੁਲਿਸ ਨੇ ਉਹਨਾਂ ਨੂੰ ਰੁਕਣ ਦਾ ਇਸ਼ਾਰਾ ਕੀਤਾ, ਉਹਨਾਂ ਭੱਜਣ ਦੀ ਕੋਸ਼ਿਸ਼ ਕੀਤੀ ਜਾਂ ਪੁਲਿਸ ਟੁਕੜੀ ਉੱਤੇ ਗੋਲੀ ਚਲਾ ਦਿੱਤੀ, ਪੁਲਿਸ ਨੇ ਵੀ ਗੋਲੀ ਚਲਾਈ, ਦੁਪਾਸੜ ਗੋਲੀਬਾਰੀ ਚ ਦੋਵੇਂ ਨੌਜਵਾਨ ਮੁਕਾਬਲੇ ਚ ਮਾਰੇ ਗਏ, ਤਲਾਸ਼ੀ ਕਰਨ ' ਤੇ ਉਹਨਾਂ ਕੋਲੋਂ ਭਾਰੀ ਮਾਤਰਾ ਵਿਚ ਗੋਲੀ ਸਿੱਕਾ ਬਰਾਮਦ ਹੋਇਆ, ਦੋਵੇਂ ਅੱਤਵਾਦੀ ਸਨ ਜਿਹਨਾਂ ਦਾ —— ਜਥੇਬੰਦੀ ਨਾਲ ਸਬੰਧ ਸੀ ।

ਸਿਆਣੇ ਕਹਿੰਦੇ ਹਨ ਕਿ ਜੇਕਰ ਆਪਣੀਆਂ ਕਮਜੋਰੀਆਂ ਤੇ ਨਾਕਾਮੀਆਂ ਕੱਜਣੀਆਂ ਹੋਣ ਤਾਂ ਕਿਸੇ ਦੂਸਰੇ ਜਾਂ ਆਪਣੇ ਵਿਰੋਧੀ ਉੱਤੇ ਦੋਸ਼ ਲਗਾਉਣੇ ਸ਼ੁਰੂ ਕਰ ਦਿਓ । ਏਹੀ ਕੁੱਝ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਰਤ ਸਰਕਾਰ ਪਿਛਲੇ ਕੁੱਝ ਕੁ ਸਾਲਾਂ ਤੋਂ ਕਰਦੀ ਆ ਰਹੀ ਹੈ, ਹੋ ਸਕਦਾ ਹੈ ਕਿ ਇਸ ਤਰਾਂ ਕਰਨ ਨਾਲ ਸਰਕਾਰ ਦੀ ਕੁਰਸੀ ਸੇਫ ਹੁੰਦੀ ਹੋਵੇ ਜਾਂ ਫਿਰ ਸਰਕਾਰ ਨੂੰ ਲੋਕਾਂ ਦੀ ਸੁਪੋਰਟ ਵਧੇਰੇ ਮਿਲਦੀ ਹੋਵੇ । ਇਹ ਵੀ ਹੋ ਸਕਦਾ ਹੈ ਕਿ ਮੁਲਕ ਦੇ ਸਮਾਜਿਕ, ਆਰਥਿਕ ਤੇ ਰਾਜਨੀਤਿਕ ਹਾਲਾਤ ਵਸੋਂ ਬਾਹਰ ਹੋ ਚੁੱਕੇ ਹਨ, ਮਹਿੰਗਾਈ ਤੇ ਬੇਰੁਜ਼ਗਾਰੀ ਚਰਮ ਸੀਮਾ ਤੇ ਪੁੱਜ ਚੁੱਕੀ ਹੈ, ਮਜ਼ਬੀ ਕੱਟੜਤਾ ਤੇ ਨਫਰਤ ਸਭ ਹੱਦਾਂ ਬੰਨੇ ਟੱਪ ਚੁੱਕੀ ਹੈ ਤੇ ਇਸ ਤਰਾਂ ਕਰਨ ਨਾਲ ਲੋਕਾਂ ਦਾ ਧਿਆਨ ਭਟਕਾ ਕੇ ਸਰਕਾਰ ਨੂੰ ਕੋਈ ਰਾਹਤ ਮਿਲਦੀ ਹੋਵੇ । ਦਰਅਸਲ ਇਹ ਇਕ ਬੜੀ ਡੂੰਘੀ ਪੁਣਛਾਣ ਦਾ ਵਿਸ਼ਾ ਹੈ, ਜਿਸ ਉਤੇ ਨਿੱਠਕੇ ਵਿਚਾਰ ਕੀਤੀ ਜਾਣੀ ਚਾਹੀਦੀ ਹੈ ।

ਤੁਸੀਂ ਦੇਖੋ ਮੁਲਕ ਵਿਚ ਇਸ ਸਮੇਂ ਹੋ ਕੀ ਰਿਹਾ ਹੈ ? ਮਸਜਦਾਂ ਦੇ ਹੇਠੋਂ ਮੰਦਿਰ ਲੱਭੇ ਜਾ ਰਹੇ ਹਨ, ਮਸਜਿਦਾਂ ਦੀਆਂ ਕਮੇਟੀਆਂ ਤੋੜਕੇ, ਉਹਨਾਂ ਵਿਚ ਹਿੰਦੂ ਮੈਂਬਰਾਂ ਦੀ ਨਿਯੁਕਤੀ ਕਰਨ ਦੇ ਵਿਧਾਨ ਬਣਾਏ ਜਾ ਰਹੇ ਹਨ, ਭਗਵਾਨ ਰਾਮਚੰਦਰ ਦੇ ਨਾਮ 'ਤੇ ਮੰਦਿਰ ਬਣਾਉਣ ਦੀ ਦਾਅਵੇਦਾਰੀ ਦਾ ਘੜਮੱਸ ਹੈ, ਈ ਵੀ ਐੱਮ ਨਾਲ ਕਥਿਤ ਰੂਪ ਵਿਚ ਵੋਟ ਸਮੀਕਰਨ ਬਦਲ ਲਏ ਜਾ ਰਹੇ ਹਨ, ਗੱਲ ਕੀ ਕਿ ਭਾਰਤ ਵਿਚ, ਇਸ ਸਮੇਂ, ਭਾਰਤ ਨਾਮ ਦਾ ਅਸਲ ਵਿਚ ਕੁੱਝ ਵੀ ਨਹੀਂ ਰਹਿ ਗਿਆ, ਬੱਸ ਇਕ ਨਾਮ ਹੀ ਬਾਕੀ ਹੈ। ਇਸ ਤਰਾਂ ਲੱਗ ਰਿਹਾ ਹੈ ਕਿ ਜੇਕਰ ਭਾਰਤ ਵਿਚ ਇਹੋ ਕੁੱਝ ਲਗਾਤਾਰ ਚਲਦਾ ਰਿਹਾ ਤਾਂ ਹੋ ਸਕਦਾ ਅਗਲੇ ਸਮੇਂ ਚ ਭਾਰਤ ਦਾ ਨਾਮ ਵੀ ਭਾਰਤ ਨਾ ਰਹੇ ।

ਦੇਸ਼ ਦਾ ਗੋਦੀ ਮੀਡੀਆ ਕਥਿਤ ਤੌਰ 'ਤੇ ਗਲਤ ਰਿਪੋਰਟਿੰਗ ਜਾਂ ਪੀਲੀ ਪੱਤਰਕਾਰੀ ਕਰ ਰਿਹਾ ਹੈ, ਧਰਮ ਦੇ ਨਾਮ 'ਤੇ ਜਹਿਰ ਉਗਲ ਰਿਹਾ ਹੈ, ਲੋਕਾਂ ਵਿਚਕਾਰ ਮਜ਼ਬੀ ਪਾੜਾ ਵਧਾ ਕੇ ਅੱਗ ਦੇ ਲਾਂਬੂ ਲਾ ਰਿਹਾ ਹੈ ।ਪਤਾ ਲੱਗਾ ਹੈ ਕਿ ਪਹਿਲਗਾਮ ਹਮਲੇ ਦੌਰਾਨ ਮਰਨ ਵਾਲਿਆਂ ਵਿਚੋਂ ਅੱਧੋਂ ਵੱਧ ਭਾਵ ਪੰਦਰਾਂ, ਮੁਸਲਮ ਸਨ, ਜੇਕਰ ਇਹ ਖਬਰ ਜੋ ਕਿ ਇੰਡੀਆ ਟੀ ਵੀ ਵਲੋਂ ਨਸ਼ਰ ਕੀਤੀ ਗਈ ਦੱਸੀ ਜਾ ਰਹੀ ਹੈ, ਸੱਚੀ ਹੈ ਤਾਂ ਫਿਰ ਪਹਿਲੀ ਗੱਲ ਤਾਂ ਇਹ ਕਿ ਇਸ ਗੱਲ ਦੀ ਦਰਿਆਫਤ ਹੋਣੀ ਚਾਹੀਦੀ ਹੈ ਤੇ ਦੁੱਧ ਦਾ ਦੁੱਧ ਪਾਣੀ ਦਾ ਪਾਣੀ ਨਿਤਾਰਿਆ ਜਾਣਾ ਚਾਹੀਦਾ ਹੈ ।ਦੂਸਰੀ ਗੱਲ, ਇਹ ਕਿ ਇਹ ਕਿਹੜਾ ਪੈਰਾ ਮੀਟਰ ਹੈ ਕਿ ਜੇਕਰ ਕੋਈ ਅੱਤਵਾਦੀ ਲੋਕਾਂ ਨੂੰ ਉਹਨਾਂ ਦਾ ਧਰਮ ਪੁੱਛਕੇ ਪਹਿਲਾਂ ਪਹਿਚਾਣਦਾ ਹੈ ਤੇ ਫਿਰ ਗੋਲੀ ਮਾਰਦਾ ਹੈ, ਉਹ ਸਿਰਫ ਪਾਕਿਸਤਾਨੀ ਹੀ ਹੋ ਸਕਦਾ ਹੈ ਕਿਉਂਕਿ ਮੁਸਲਿਮ ਤਾਂ ਭਾਰਤ ਵਿਚ ਵੀ ਬਹੁਤ ਰਹਿੰਦੇ ਹਨ । ਇਹ ਵੀ ਹੋ ਸਕਦਾ ਹੈ ਕਿ ਇਹ ਕਿਸੇ ਭਾਰਤੀ ਏਜੰਸੀ ਦਾ ਹੀ ਕਾਰਾ ਹੋਵੇ ਤੇ ਨਾਮ ਮੁਸਲਮ ਭਾਈਚਾਰੇ ਦਾ ਵਰਤਿਆ ਜਾ ਰਿਹਾ ਹੋਵੇ ।ਇਹ ਵੀ ਹੋ ਸਕਦਾ ਹੈ ਕਿ ਇਹ ਕਿਸੇ ਭਾਰਤ ਵਿਚਲੇ ਮਾੜੇ ਅੰਸਰ ਦੀ ਹੀ ਕਾਲੀ ਕਰਤੂਤ ਹੋਵੇ ਜਾਂ ਫਿਰ ਇਸ ਪਿੱਛੇ ਕੋਈ ਸਿਆਸੀ ਮੁਨਾਫੇ ਦੀ ਨੀਤੀ ਕੰਮ ਕਰਦੀ ਹੋਵੇ । ਯਾਦ ਰਹੇ ਕਿ ਭਾਰਤ ਵਿਚ ਹੁਣ ਤੱਕ ਦੇ ਬਹੁਤੇ ਅਜਿਹੇ ਕਾਂਡ ਚੋਣਾਂ ਦੇ ਨੇੜੇ ਤੇੜੇ ਹੀ ਵਾਪਰੇ ਹਨ । ਇਸ ਲਮੇਂ ਵੀ ਬਿਹਾਰ ਵਿਧਾਨ ਸਭਾ ਦੀਆਂ ਚੋਣਾ ਸਿਰ 'ਤੇ ਹਨ।

ਇਸ ਤਰਾਂ ਦੇ ਕਾਂਡ ਕਿਸੇ ਭਖਵੇਂ ਮੁੱਦੇ ਤੋਂ ਲੋਕਾਂ ਦਾ ਧਿਆਨ ਕਥਿਤ ਰੂਪ ਵਿਚ ਲਾਂਭੇ ਕਰਨ ਵਾਸਤੇ ਵੀ ਮੁਲਕ ਦੀ ਕਿਸੇ ਸਿਆਸੀ ਧਿਰ ਵਲੋਂ ਕਰਵਾਏ ਗਏ ਹੋ ਸਕਦੇ ਹਨ । ਅਸਲ ਸੱਚਾਈ ਕੀ ਹੈ, ਇਸ ਬਾਰੇ ਕੁੱਝ ਵੀ ਕਹਿਣ ਤੋਂ ਪਹਿਲਾਂ ਅਜੇ ਹੋਰ ਇੰਤਜਾਰ ਕਰਨੀ ਪਵੇਗੀ, ਪਰ, ਹਾਂ ! ਹਰ ਘਟਨਾ ਦੇ ਤੁਰੰਤ ਬਾਅਦ ਗੁਆਂਢੀ ਮੁਲਕ ਨੂੰ ਕਸੂਰਵਾਰ ਠਹਿਰਾਉਣਾ, ਪਾਣੀ ਪੀ ਪੀ ਕੇ ਕੋਸਣਾ ਸ਼ੁਰੂ ਕਰ ਦੇਣਾ, ਅਸਲ ਰੂਪ ਵਿਚ ਤਾਂ ਏਹੀ ਸਾਬਤ ਕਰਦਾ ਹੈ ਕਿ ਅਸੀਂ ਨਾਕਾਮ ਹਾਂ, ਨਾ ਕਾਬਲ ਹਾਂ, ਸਾਡੇ ਘਰ/ ਮੁਲਕ ਵਿਚ ਸਭ ਅੱਛਾ ਨਹੀਂ ਚੱਲ ਰਿਹਾ, ਸਾਡਾ ਸਾਰਾ ਜੋਰ ਦੂਸਰਿਆਂ ਉੱਤੇ ਦੋਸ਼ ਮੜ੍ਹਕੇ ਬਿਨਾ ਕਿਸੇ ਸਬੂਤ ਤੋਂ ਉਹਨਾਂ ਨੂੰ ਭੰਡਣਾ, ਕਸੂਰਵਾਰ ਠਹਿਰਾਉਣ ਅਤੇ ਆਪਣੀ ਕੁਰਸੀ ਬਹਾਲ ਰੱਖਣ ਉੱਤੇ ਲੱਗਾ ਹੋਇਆ ਹੈ, ਅਸੀਂ ਆਪਣੀ ਨਾਕਾਮੀ ਤੇ ਕਮਜੋਰੀ ਲਕੋਣ ਵਾਸਤੇ ਦੂਸਰਿਆਂ ਨੂੰ ਕੋਸਦੇ ਹਾਂ, ਨਿੰਦਦੇ ਹਾਂ ਤੇ ਇਹ ਸਾਰਾ ਕੁੱਝ ਅਸੀਂ ਆਪਣੀ ਖੱਲ ਬਚਾਉਣ ਵਾਸਤੇ ਕਰਦੇ ਹਾਂ ।

ਇਥੇ ਇੱਕ ਗੱਲ ਮੈਂ ਸ਼ਪੱਸ਼ਟ ਕਰਨੀ ਚਾਹਾਂਗਾ, ਉਹ ਇਹ ਕਿ ਮਾੜੇ ਅੰਸਰ ਹਰ ਜਗਾ ਹੁੰਦੇ ਹਨ, ਪਾਕਿਸਤਾਨ ਕੋਈ ਦੁੱਧ ਧੋਤਾ ਨਹੀਂ ਤੇ ਨਾ ਹੀ ਭਾਰਤ, ਦੋਹਾਂ ਮੁਲਕਾਂ ਵਿਚ ਸਮਾਜ ਵਿਰੋਧੀ ਤੱਤ ਹਨ ਤੇ ਇਹ ਇਕ ਵਿਸ਼ਵ ਵਿਆਪੀ ਵਰਤਾਰਾ ਵੀ ਹੈ ।

1947 ਦੀ ਵੰਡ ਪੂਰੀ ਦੁਨੀਆਂ ਦੀ ਸਭ ਤੋਂ ਵੱਡੀ ਖੂਨੀ ਮਜ਼ਬੀ ਵੰਡ ਸੀ । ਦੋਵਾਂ ਮੁਲਕਾਂ ਵਿਚ ਇਹ ਵਰਤਾਰਾ ਅੱਜ ਵੀ ਕਾਇਮ ਹੈ । ਹੁਣਵੇ ਹਾਲਾਤਾਂ ਮੁਤਾਬਿਕ ਵੀ ਦੋਹਾਂ ਮੁਲਕਾਂ ਵਿਚ ਰਾਜਨੀਤੀ ਉੱਤੇ ਧਰਮ ਭਾਰੂ ਹੈ ਤੇ ਲਿਆਸਤ ਵਿਚ ਮਜ਼ਬ ਨੂੰ ਮੋਹਰੇ ਵਜੋਂ ਵਰਤਿਆ ਜਾਂਦਾ ਹੈ ਜਦ ਕਿ ਕੰਧ ਉੱਤੇ ਲਿਖਿਆ ਸੱਚ ਇਹ ਹੈ ਕਿ 1947 ਤੋਂ ਲੈ ਕੇ ਅੱਜ ਤੱਕ ਦੋਹਾਂ ਮੁਲਕੀਂ ਦੀ ਇਸ ਮਜ਼ਬੀ ਲੜਾਈ ਵਿਚ ਸਿਰਫ ਖੂਨ ਖਰਾਬਾ ਹੀ ਹੋਇਆ ਹੋਇਆ ਹੈ, ਦੋਹਾਂ ਮੁਲਕਾਂ ਦੇ ਸਬੰਧ ਆਪਸ ਵਿਚ ਤਲਖ ਹੀ ਰਹੇ ਹਨ ਜਦ ਕਿ ਚਾਹੀਦਾ ਇਹ ਸੀ ਕਿ ਦੋਵੇਂ ਮੁਲਕ ਚੰਗੇ ਗੁਆਂਢੀ ਬਣਦੇ, ਕੋਈ ਵੀ ਮਸਲਾ ਹੁੰਦਾ, ਉਸ ਦਾ ਮਿਲ ਬੈਠਕੇ ਹੱਲ ਕੱਢਦੇ, ਪਰ ਇਹ ਤਾਂ ਹੀ ਸੰਭਵ ਸੀ ਜੇਕਰ ਦੋਹਾਂ ਮੁਲਕਾਂ ਦੇ ਆਗੂਆਂ ਨੂੰ ਇਹ ਇਲਮ ਹੁੰਦਾ ਕਿ ਅੱਗ ਨਾਲ ਅੱਗ ਹੋਰ ਭੜਕਾਈ ਤਾਂ ਜਾ ਸਕਦੀ ਹੈ, ਬੁਝਾਈ ਨਹੀਂ ਜਾ ਸਕਦੀ । ਨਫਰਤ ਦੇ ਬਦਲੇ ਨਫਰਤ ਤੇ ਦੁਸ਼ਮਣੀ ਦੇ ਬਦਲੇ ਦੁਸ਼ਮਣੀ ਦਾ ਦੂਜਾ ਨਾਮ ਤਬਾਹੀ ਹੁੰਦਾ ਹੈ, ਕਿਸੇ ਮਸਲੇ ਦਾ ਹੱਲ ਨਹੀਂ । ਇਹ ਵੀ ਸੱਚ ਹੈ ਕਿ ਬਰੂਦ ਦੇ ਢੇਰਾਂ 'ਤੇ ਬੈਠ ਕੇ ਹੰਕਾਰ ਕਰਨ ਵਾਲੇ ਲੋਕ, ਬਹੁਤੀ ਵਾਰ ਉਸ ਬਰੂਦ ਦਾ ਹੀ ਮਲਬਾ ਬਣ ਜਾਂਦੇ ਹਨ, ਫਿਰ ਉਹਨਾਂ ਦੀ ਹੋਂਦ ਹਸਤੀ ਵੀ ਸਦਾ ਸਦਾ ਲਈ ਖਤਮ ਹੋ ਜਾਂਦੀ ਹੈ ।

ਇਸ ਕਰਕੇ ਭਾਰਤ ਤੇ ਪਾਕਿਸਤਾਨ ਦੋਹਾਂ ਮੁਲਕਾਂ ਨੂੰ, ਪਹਿਲਗਾਮ ਕਾਂਡ ਬਾਰੇ ਇਕ ਦੂਸਰੇ ਵਿਰੁੱਧ ਇਲਜਾਮ ਤਰਾਸ਼ੀ ਕਰਨ ਜਾਂ ਡਰਾਉਣ ਧਮਕਾਉਣ ਦੀ ਭਾਸ਼ਾ ਵਰਤਣ ਦੀ ਬਜਾਏ , ਮਸਲੇ ਦਾ ਹੱਲ ਬਹੁਤ ਹੀ ਸੰਜੀਦਗੀ ਨਾਲ ਕਰਨਾ ਚਾਹੀਦਾ ਹੈ, ਦੋਹਾਂ ਮੁਲਕਾਂ ਦੇ ਸਿਆਸਤਦਾਨਾਂ ਨੂੰ ਮੂੰਹੋਂ ਅੱਗ ਉਗਲਣੀ ਬੰਦ ਕਰਕੇ ਇਸ ਖਿੱਤੇ ਚ ਵਸਦੇ ਲੋਕਾਂ ਦੇ ਜਾਨ ਮਾਲ ਦੀ ਸੁਰੱਖਿਆ ਕਰਨ ਬਾਰੇ ਸੋਚਣਾ ਚਾਹੀਦਾ ਹੈ । ਬਿਨਾ ਸਬੂਤ ਦੋਸ਼ ਲਾਉਣੇ ਕਿਸੇ ਵੀ ਮਸਲੇ ਦਾ ਹੱਲ ਨਹੀਂ, ਤੁਹੱਮਲ ਤੇ ਸੋਚ ਸਮਝਕੇ ਬੋਲਣਾ ਇਸ ਵੇਲੇ ਸਮੇਂ ਦੀ ਮੰਗ ਹੈ । ਇਸ ਵੇਲੇ ਭਾਰਤ ਸਰਕਾਰ ਨੂੰ ਪਹਿਲਗਾਮ ਦੇ ਅੱਤਵਾਦੀ ਹਮਲੇ ਚ ਮਾਰੇ ਗਏ ਨਿਹੱਥੇ ਲੋਕਾਂ ਦੇ ਪਰਿਵਾਰਾਂ ਦੇ ਬਾਰੇ ਵੀ ਸੋਚਣਾ ਜਰੂਰੀ ਹੈ । ਸੋ ਲੋੜ ਹੈ, ਸਹਿਜ ਵਰਤਾਰੇ ਨਾਲ ਵਿਚਰਨ ਦੀ ਤੇ ਭਵਿੱਖ ਵਿਚ ਇਹ ਯਕੀਨੀ ਤੌਰ 'ਤੇ ਪੁਖਤਾ ਕਰਨ ਦੀ ਕਿ ਦੁਬਾਰਾ ਇਸ ਤਰਾਂ ਦਾ ਕੋਈ ਹੋਰ ਕਾਂਡ ਨਾ ਵਾਪਰੇ ।

ਇਹ ਵੀ ਕਹਾਂਗਾ ਕਿ ਗੁਆਂਢੀ ਨੂੰ ਦੋਸ਼ ਦੇਣ ਦੀ ਬਜਾਏ ਭਾਰਤ ਸਰਕਾਰ ਆਪਣੀ ਪੀੜ੍ਹੀ ਹੇਠ ਸੋਟਾ ਫੇਰੇ, ਆਪਣੇ ਗਰੇਵਾਨ ਚ ਜਰੂਰ ਝਾਕੇ ਤੇ ਆਪਣੇ ਮੁਲਕ ਦੇ ਸੁਰੱਖਿਆਤੰਤਰ ਨੂੰ ਨੂੰ ਪੁਖਤਾ ਕਰੇ, ਆਪਣੀਆਂ ਗਲਤ ਨੀਤੀਆਂ ਵਿਚ ਸੁਧਾਰ ਕਰੇ, ਗੁਆਂਢੀ ਮੁਲਕਾਂ ਨਾਲ ਆਪਣੇ ਸਬੰਧ ਸਾਜਗਾਰ ਬਣਾਉਣ ਵੱਲ ਧਿਆਨ ਦੇਵੇ, ਮਜ਼ਬੀ ਨਫਰਤ ਤੋਂ ਤੋਬਾ ਕਰਕੇ ਸਾਫ ਸੁਥਰੀ ਰਾਜਨੀਤੀ ਕਰੇ ਤਾਂ ਯਕੀਨੀ ਤੌਰ 'ਤੇ ਹਾਲਾਤਾਂ ਨੂੰ ਸੁਖਦ ਮੋੜਾ ਦਿੱਤਾ ਜਾ ਸਕੇਗਾ ।

ਮੁਕਦੀ ਗੱਲ ਇਹ ਕਿ ਅਸੀਂ ਧਮਕੀਆਂ ਦੇ ਕੇ ਕਿਸੇ ਨੂੰ ਕਦੇ ਵੀ ਨਹੀਂ ਸੁਧਾਰ ਸਕਦੇ, ਅਸੀਂ ਆਪਣੀਆਂ ਨਾਲਾਇਕੀਆਂ ਦੀ ਠੀਕਰਾ ਕਿਸੇ ਸਿਰ ਭੰਨਕੇ ਸੁਰਖਰੂ ਨਹੀਂ ਹੋ ਸਕਦੇ, ਆਪਣੀਆਂ ਗਲਤੀਆਂ ਦੇ ਜਿੰਮੇਵਾਰ, ਅਸੀਂ ਆਪ ਹੁੰਦੇ ਹਾਂ ਤੇ ਅਸੀਂ ਹੀ ਉਹਨਾਂ ਨੂੰ ਸੁਧਾਰ ਸਕਦੇ ਹਾਂ । ਸੋ ਦਿਆਨਤਦਾਰੀ ਇਸੇ ਵਿੱਚ ਹੈ ਕਿ ਇਸ ਮਸਲੇ ਨੂੰ ਹੋਰ ਉਲਝਾਉਣ ਦੀ ਬਜਾਏ ਸੁਲਝਾਉਣ ਵੱਲ ਧਿਆਨ ਦਿੱਤਾ ਜਾਵੇ, ਲੋਕਾਂ ਦੀ ਜਾਨ ਤੇ ਮਾਲ ਨੂੰ ਸੁਰੱਖਿਅਤ ਕਰਨ ਦਾ ਪੱਕਾ ਬਾਨਣੂ ਬੰਨ੍ਹਿਆ ਜਾਵੇ । ਜਿਹਨਾਂ ਨੇ ਪਹਿਲਗਾਮ ਦਾ ਕਾਰਾ ਕੀਤਾ ਹੈ, ਉਹਨਾਂ ਨੂੰ ਲੱਭਕੇ ਮਿਸਾਲੀ ਸਜਾ ਦਿੱਤੀ ਜਾਵੇ ਤੇ ਬਿਨਾਂ ਸਬੂਤ ਗੁਆਂਢੀ ਮੁਲਕ 'ਤੇ ਇਲਜਾਮ ਤਰਾਸੀ ਕਰਨ ਤੋਂ ਬਚਿਆ ਜਾਵੇ ਕਿਉਂਕਿ ਕੰਨਾਂ ਚ ਘੋਲਿਆ ਹੋਇਆ ਜ਼ਿਹਰ ਇਕ ਨੂੰ ਨਹੀਂ ਬਲਕਿ ਨਸਲਾਂ ਦਰ ਨਸਲਾਂ ਨੂੰ ਤਬਾਹ ਕਰ ਜਾਂਦਾ ਹੈ । ਦੋਹਾਂ ਮੁਲਕਾਂ ਨੂੰ ਆਪਣੇ ਇਤਿਹਾਸ ਤੋਂ ਸਬਕ ਸਿੱਖਣ ਦੀ ਅੱਜ ਬੇਹੱਦ ਲੋੜ ਹੈ, ਜੇਕਰ ਅਜਿਹਾ ਨਾ ਹੋਇਆ ਤਾਂ ਇਤਿਹਾਸ ਇਕ ਵਾਰ ਫੇਰ ਆਪਣੇ ਆਪ ਨੂੰ ਦੁਹਰਾ ਸਕਦਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਗੁਰਸਿੱਖੀ ਨੂੰ ਫ਼ਿਲਮਾਂ ਦਾ ਵਿਸ਼ਾ ਬਣਾਉਣ ਦੀ ਇਜਾਜ਼ਤ ਮਿਲਦੀ ਰਹੀ ਤਾਂ ਇਹ ਗੁਰਸਿੱਖੀ ਦੀ ਮਹਾਨਤਾ ਤੇ

# ਬਹੁਤ ਵੱਡੇ ਸੰਕਟ ਨੂੰ ਆਪ ਸੱਦਣ ਜਿਹਾ ਹੋਵੇਗਾ: ਅਖੰਡ ਕੀਰਤਨੀ ਜੱਥਾ (ਵਿਸ਼ਵਵਿਆਪੀ)

**ਨਵੀਂ ਦਿੱਲੀ 28 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ)**:- ਅਖੰਡ ਕੀਰਤਨੀ ਜੱਥਾ ਵਿਸ਼ਵਵਿਆਪੀ 31 ਮੈਂਬਰੀ ਕਮੇਟੀ ਅਤੇ ਅਖੰਡ ਕੀਰਤਨੀ ਜੱਥਾ (ਰਜਿ) ਨੇ ਐਸਜੀਪੀਸੀ ਪ੍ਰਧਾਨ ਸਰਦਾਰ ਹਰਜਿੰਦਰ ਸਿੰਘ ਧਾਮੀ ਨੂੰ ਸਿੱਖਾਂ ਦੇ ਅਕਸ ਨੂੰ ਵਿਗਾੜਦੀਆਂ ਫ਼ਿਲਮਾਂ, ਗੁਰੂ ਸਾਹਿਬਾਨ ਦੀਆਂ ਐਨੀਮੇਸ਼ਨ ਫ਼ਿਲਮਾਂ ਉਪਰ ਤੁਰੰਤ ਰੋਕ ਲਗਾਉਣ ਲਈ ਸਖ਼ਤ ਕਾਰਵਾਈ ਕਰਣ ਲਈ ਪੱਤਰ ਲਿਖਿਆ ਹੈ।ਅਖੰਡ ਕੀਰਤਨੀ ਜੱਥੇ ਦੇ ਬੁਲਾਰੇ ਭਾਈ ਆਰਪੀ ਸਿੰਘ ਅਤੇ 31 ਮੈਂਬਰੀ ਕਮੇਟੀ ਦੇ ਮੈਂਬਰ ਭਾਈ ਅਰਵਿੰਦਰ ਸਿੰਘ ਰਾਜਾ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦਸਿਆ ਕਿ ਬੀਤੇ ਕੁਝ ਸਮੇਂ ਤੋਂ ਸਿੱਖ ਪੰਥ ਦਾ ਅਕਸ ਵਿਗਾੜ ਰਹੀਆਂ ਫ਼ਿਲਮਾਂ ਦਾ ਚਲਣ ਬਹੁਤ ਵੱਧ ਗਿਆ ਹੈ ਤੇ ਹੱਦ ਇਥੋਂ ਤਕ ਹੋ ਗਈ ਹੈ ਕਿ ਗੁਰੂ ਸਾਹਿਬਾਨ ਦੀਆਂ ਕਲਪਿਤ ਫੋਟੋਆਂ ਦੀ ਵੀ ਐਨੀਮੇਸ਼ਨ ਬਣ ਕੇ ਸਾਨੂੰ ਵੰਗਾਰ ਪਾ ਰਹੀਆਂ ਹਨ। ਗੁਰਸਿੱਖੀ ਸਦਾ ਹੀ ਸੰਸਾਰ ਦੀ ਪ੍ਰਚੱਲਤ ਧਾਰਾ ਤੋਂ ਵਖਰੀ ਤੇ ਰੌਸ਼ਨ ਹੋਂਦ ਵਾਲੀ ਰਹੀ ਹੈ।ਇਸ ਦਾ ਕਾਰਨ ਗੁਰੂ ਸਾਹਿਬਾਨ ਤੇ ਗੁਰਬਾਣੀ ਲਈ ਗੁਰਸਿੱਖਾਂ ਦਾ ਸਮਰਪਣ ਤੇ ਪ੍ਰੀਤ ਹੈ। ਇਹ ਅੰਤਰ ਅਵੱਸਥਾ ਤੋਂ ਬਣਦੀ ਹੈ ਕਿਸੇ ਬਾਹਰਲੀ ਪ੍ਰੇਰਣਾ ਤੋਂ ਨਹੀਂ।ਗੁਰਮਤਿ ਦਾ ਮਾਰਗ ਬਾਹਰਲੇ ਭੇਖ, ਤਮਾਸ਼ੇ, ਰਸ ਕਸ ਦਾ ਨਹੀਂ ਹੈ। ਇਸ ਨੇ ਹੀ ਧਰਮ ਦਾ ਘਾਣ ਕੀਤਾ ਸੀ ਤੇ ਇਸ ਤੋਂ ਬਾਹਰ ਕੱਢਣ ਲਈ ਹੀ ਬਾਬਾ ਨਾਨਕ ਜੀ ਨੇ ਅਵਤਾਰ ਧਾਰਿਆ। ਗੁਰਮਤਿ ਨੂੰ ਸਮਝਣ ਤੇ ਪ੍ਰੇਰਣਾ ਲਈ ਉਸ ਅਵਸਥਾ ਦੀ ਲੋੜ ਹੁੰਦੀ ਹੈ ਜਿਸ ਅੰਦਰ ਬਿਨਾ ਅੱਖਾਂ ਵੇਖਣ ਤੇ ਬਿਨਾ ਕੰਨਾਂ ਸੁਣਨ ਦਾ ਅਭਿਆਸ ਹੋ ਜਾਵੇ "ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ" ਇਸ ਅਵਸਥਾ ਅੰਦਰ ਮਨੁੱਖ ਦੀਆਂ ਸਾਰੀਆਂ ਇੰਦਰੀਆਂ ਤੇ ਅੰਗਾਂ ਦਾ ਬਲ ਨਿੱਤਰ ਕੇ ਆਤਮਕ ਤਲ ਵਿਚ ਸਮੋਇਆ ਜਾਂਦਾ ਹੈ। ਸ੍ਰੀਰਕ ਅੰਗਾਂ ਤੇ ਇੰਦ੍ਰਿਆਂ ਦੀ ਜੁਗਤ ਨਾਲ ਆਤਮਕ ਪ੍ਰਾਪਤੀ ਨਹੀਂ ਹੁੰਦੀ "ਦਿਸੈ ਸੁਣੀਐ ਜਾਣੀਐ ਸਾਉ ਨ ਪਾਇਆ ਜਾਇ" ਗੁਰਮਤਿ ਤੇ ਗੁਰਸਿੱਖੀ ਅੰਤਰ ਅਵਸਥਾ ਦਾ ਵਿਸ਼ਾ ਹੈ, ਫ਼ਿਲਮਾਂ, ਨਾਟਕਾਂ ਚੇਟਕਾਂ ਦਾ ਨਹੀਂ। ਜੇ ਗੁਰਸਿੱਖੀ ਨੂੰ ਫ਼ਿਲਮਾਂ ਦਾ ਵਿਸ਼ਾ ਬਣਾਉਣ ਦੀ ਇਜਾਜ਼ਤ ਮਿਲਦੀ ਰਹੀ ਤਾਂ ਇਹ ਗੁਰਸਿੱਖੀ ਦੀ ਮਹਾਨਤਾ ਤੇ ਬਹੁਤ ਵੱਡੇ ਸੰਕਟ ਨੂੰ ਆਪ ਸੱਦਣ ਜਿਹਾ ਹੋਵੇਗਾ।ਅੱਜ ਇਕ ਫ਼ਿਲਮ ਹੈ, ਕੱਲ ਹੋਰ ਲੋਕ ਤਿਆਰ ਹੋ ਜਾਣਗੇ। ਇਹਨਾਂ ਪੈਸੇ ਕਮਾ ਕੇ ਕਿਨਾਰੇ ਲੱਗ ਜਾਣੈ ਤੇ ਘਾਣ ਸਿੱਖੀ ਦਾ ਹੋਵੇਗਾ। ਫ਼ਿਲਮਾਂ ਨਾਲ ਨਾ ਤਾਂ ਸਿੱਖੀ ਦਾ ਕੋਈ ਭਲਾ ਹੋਣਾ ਹੈ ਨਾ ਹੀ ਕੋਈ ਨਜ਼ੀਰ ਬਣਨੀ ਹੈ। ਇਹ ਅਸੀ ਸਾਰੇ ਜਾਣਦੇ ਹਾਂ ਕਿ ਫ਼ਿਲਮਾਂ ਦਾ ਇਕ ਬਜਟ ਹੁੰਦਾ ਹੈ ਤੇ ਫਾਇਨੈਂਸਰ ਮੁਨਾਫ਼ਾ ਕਮਾਉਣ ਲਈ ਇਸ ਵਿਚ ਪੈਸਾ ਲਗਾਉਂਦੇ ਹਨ। ਮੁਨਾਫ਼ੇ ਲਈ ਫ਼ਿਲਮਾਂ ਦੀ ਕੋਸ਼ਿਸ਼ ਹੁੰਦੀ ਹੈ ਕਿ ਲੋਕਾਂ ਦੀਆਂ ਹਲਕੀਆਂ ਭਾਵਨਾਵਾਂ ਨੂੰ ਉਭਾਰ ਕੇ ਸਿਨੇਮਾਘਰਾਂ ਤਕ ਲੈ ਆਇਆ ਜਾਵੇ। ਗੁਰਸਿੱਖੀ ਮਨ ਪਰਚਾਵਾ ਨਹੀਂ ਖੰਡੇ ਦੀ ਧਾਰ ਤੇ ਤਿੱਖੀ ਤੇ ਵਾਲ ਤੋਂ ਵੀ ਨਿੱਕੀ ਹੈ। ਗੁਰਸਿੱਖੀ ਦੀ ਪ੍ਰੇਰਣਾ ਸਿਨੇਮਾਘਰ ਵਿਚ ਨਹੀਂ ਅਲੂਣੀ ਸਿੱਲ ਚੱਟ ਕੇ ਮਿਲਦੀ ਹੈ। ਸਾਡੇ ਅੰਦਰ ਵੀ ਭਰਮ ਹਨ ਕਿ ਫ਼ਿਲਮਾਂ ਤੇ ਬੰਦਿਸ਼ਾਂ ਦੀ ਗੱਲ ਕਰ ਕੇ ਅਸੀ ਆਪ ਗੁਰਸਿੱਖੀ ਦੇ ਪ੍ਰਚਾਰ ਵਿਚ ਵਿਘਨ ਬਣ ਰਹੇ ਹਾਂ। ਪ੍ਰਚਾਰ ਦੀ ਫਿਕਰ ਛੱਡ ਕੇ ਇਹ ਸੋਚਣਾ ਚਾਹੀਦੈ ਕਿ ਜੇ ਗੁਰਸਿੱਖੀ ਦੀ ਮਰਿਆਦਾ ਹੀ ਨਹੀਂ ਰਹੇਗੀ ਤਾਂ ਫ਼ਿਲਮਾਂ ਰਾਹੀਂ ਪ੍ਰਚਾਰ ਕਿਸ ਕੰਮ ਦਾ ? ਫ਼ਿਲਮਾਂ ਕਿਸੇ ਵੀ ਵਿਸ਼ੇ ਨੂੰ ਮੂਰਤ ਰੂਪ ਦੇ ਕੇ ਹੀ ਬਣਦੀਆਂ ਹਨ। ਗੁਰਸਿੱਖੀ ਅੰਦਰ ਮੂਰਤ ਦੀ ਨਹੀਂ ਸੋਚ ਤੇ ਸ਼ਬਦ ਦੀ ਮਹੱਤਤਾ ਕਾਇਮ ਕੀਤੀ ਗਈ ਹੈ। ਜੋ ਕਦਮ ਕੌਮ ਨੂੰ ਸ਼ਬਦ ਗੁਰੂ ਦੀ ਸੋਚ ਤੋਂ ਦੂਰ ਕਰਨ ਵਾਲਾ ਹੋਵੇ, ਉਹ ਕਿਵੇਂ ਪ੍ਰਵਾਨ ਕੀਤਾ ਜਾ ਸਕਦੈ। ਗੁਰਸਿੱਖੀ ਦੀ ਪ੍ਰੇਰਣਾ ਲਈ ਸ਼ਬਦ ਗੁਰੂ ਹੈ, ਗੁਰੂ ਘਰ ਹੈ ਤੇ ਸਾਧ ਸੰਗਤ ਹੈ ਸਿਨੇਮਾ ਘਰ ਨਹੀਂ। ਠੀਕ ਹੈ ਕਿ ਬਦਲਦੇ ਸਮੇਂ ਨਾਲ ਬਦਲਣਾ ਚਾਹੀਦੈ। ਮੀਡੀਆ ਦਾ ਸਮਾਜ ਅੰਦਰ ਅਸਰ ਤੇ ਦਖਲ ਵੱਧ ਰਿਹਾ ਹੈ। ਇਸ ਦਾ ਇਸਤੇਮਾਲ ਕਿਸ ਆਦਮੀ, ਕਿਸ ਅਦਾਰੇ ਤੇ ਕਿਸ ਕੌਮ ਨੇ ਕਿਵੇਂ ਕਰਨਾ ਹੈ, ਇਹ ਉਸ ਦਾ ਅਪਣਾ ਫ਼ੈਸਲਾ ਹੈ। ਸਿੱਖ ਕੌਮ ਨੇ ਸ੍ਰੀ ਹਰਿਮੰਦਰ ਸਾਹਿਬ ਤੇ ਹੋਰ ਮੁੱਖ ਧਾਰਮਕ ਅਸਥਾਨਾਂ ਤੋਂ ਸ਼ਬਦ ਕੀਰਤਨ ਦੇ ਲਾਈਵ ਪ੍ਰਸਾਰਣ ਦਾ ਪ੍ਰਬੰਧ ਕਰ ਕਿ ਮੀਡੀਆ ਦੀ ਸੁਚੱਜੀ ਵਰਤੋਂ ਦੀ ਮਿਸਾਲ ਕਾਇਮ ਕੀਤੀ ਹੈ। ਲੱਖਾਂ ਲੋਕ ਜੋ ਗੁਰ ਅਸਥਾਨਾਂ ਤੋਂ ਦੂਰ ਹਨ, ਇਨ੍ਹਾਂ ਪ੍ਰਸਾਰਣਾਂ ਰਾਹੀਂ ਲਾਹੇਵੰਦ ਹੋ ਰਹੇ ਹਨ। ਗੁਰਮਤਿ ਸਬੰਧੀ ਲਿਟਰੇਚਰ ਪ੍ਰਕਾਸ਼ਤ ਕੀਤਾ ਤੇ ਵੰਡਿਆ ਜਾ ਰਿਹੈ। ਹਰ ਉਹ ਕੰਮ ਜੋ ਸ਼ਬਦ ਗੁਰੂ ਦੀ ਸੋਚ ਨੂੰ ਕੇਂਦਰ ਵਿਚ ਰੱਖ ਕੇ ਕੀਤਾ ਜਾਵੇ ਤਾਂ ਕੌਮ ਨੂੰ ਅੱਗੇ ਵਧਾਉਣ ਵਾਲਾ ਕਿਹਾ ਜਾ ਸਕਦਾ ਹੈ। ਇਸ ਤੋਂ ਅਲਾਵਾ ਹੋਰ ਕੋਈ ਮਾਪਦੰਡ ਨਹੀਂ ਹੋ ਸੱਕਦਾ। ਸਿੱਖ ਕੌਮ ਦੇ ਹਿੱਤ ਵਿਚ ਹੈ ਕਿ ਸਿੱਖੀ ਤੇ ਸਿੱਖ ਇਤਿਹਾਸ ਦੇ ਨਾਂਅ ਤੇ ਫ਼ਿਲਮਾਂ, ਸੀਰੀਅਲਾਂ ਦੀ ਲੋੜ ਨੂੰ ਸਿਰੇ ਤੋਂ ਹੀ ਖ਼ਾਰਜ ਕਰ ਦਿਤਾ ਜਾਵੇ। ਸੈਂਸਰ ਬੋਰਡ ਜਾਂ ਕਿਸੇ ਹੋਰ ਸੰਸਥਾ ਦੀ ਮਨਜ਼ੂਰੀ ਦੀ ਲੋੜ ਹੀ ਕਿਉਂ ਪਵੇ ? ਮਨਜ਼ੂਰੀ ਦੇਣ ਵਾਲੇ ਵੀ ਇਨਸਾਨ ਹੀ ਹੋਣਗੇ। ਇਹ ਕੌਣ ਕਹਿ ਸਕਦਾ ਹੈ ਕਿ ਉਹ ਕਿਵੇਂ ਚੀਜ਼ਾਂ ਨੂੰ ਵੇਖਣਗੇ ? ਸਿੱਖੀ ਪ੍ਰਚਾਰ ਦਾ ਸੱਭ ਤੋਂ ਵੱਡਾ ਮਾਧਿਅਮ ਆਪ ਸਿੱਖ ਹੈ ਜੋ ਪੂਰਣ ਤੌਰ ਉਤੇ ਰਹਿਤਵਾਨ ਹੋਵੇ। ਕੌਮ ਦਾ ਧਿਆਨ ਰਹਿਤ ਤੇ ਪ੍ਰਪੱਕ ਸਿੱਖ ਤਿਆਰ ਕਰਨਾ ਹੋਣਾ ਚਾਹੀਦੈ। ਹਰ ਸਿੱਖ ਨੂੰ ਪਤਾ ਹੋਣਾ ਚਾਹੀਦੈ ਕਿ ਸਿੱਖੀ ਦੀ ਮਰਿਆਦਾ ਕਿਵੇਂ ਸੰਭਾਲਣੀ ਹੈ। ਗੁਰੂ ਸਾਹਿਬ ਨੇ ਧਰਮ, ਸਮਾਜ ਨੂੰ ਵੇਖਣ ਲਈ ਜੋ ਦ੍ਰਿਸ਼ਟੀ ਬਖ਼ਸ਼ੀ, ਉਸ ਦੀ ਮਹੱਤਤਾ ਤੇ ਲੋੜ ਅੱਜ ਤੇਜ਼ੀ ਨਾਲ ਮਹਿਸੂਸ ਕੀਤੀ ਜਾ ਰਹੀ ਹੈ। ਇਸ ਲਈ ਸਮੇਂ ਦੀ ਲੋੜ ਅਨੁਸਾਰ ਇਸ ਮੁੱਦੇ ਤੇ ਸਖ਼ਤ ਫੈਸਲੇ ਲੈ ਕੇ ਕਾਰਵਾਈ ਕਰਣ ਦੀ ਜਰੂਰਤ ਹੈ । ਉਨ੍ਹਾਂ ਕਿਹਾ ਕਿ ਇਸ ਲਈ ਸਖ਼ਤ ਕਾਰਵਾਈ ਦੀ ਤੁਰੰਤ ਲੋੜ ਹੈ ਜਿਸ ਨਾਲ ਇਸ ਅਤਿ ਗੰਭੀਰ ਮਸਲੇ ਨਾਲ ਨਜਿੱਠਯਾ ਜਾ ਸਕੇ ਕਿਉਕਿ ਹੁਣ ਨਵੀਂ ਟੈਕਨੀਕ ਏ ਆਈ ਰਾਹੀਂ ਵੀ ਸਿੱਖੀ ਦਾ ਅਕਸ ਵਿਗਾੜਿਆ ਜਾ ਰਿਹਾ ਹੈ ਜਿਸਦਾ ਪ੍ਰਮਾਣ ਬੀਤੇ ਇਕ ਦਿਨ ਪਹਿਲਾਂ ਆਮਿਰ ਖਾਨ ਦੀ ਫੋਟੋ ਨਾਲ ਗੁਰੂ ਨਾਨਕ ਨਾਮੀ ਪੋਸਟਰ ਅਤੇ ਟਰੇਲਰ ਨੂੰ ਵਾਇਰਲ ਕੀਤਾ ਗਿਆ ਸੀ।


੧ੴ ਵਾਹਿਗੁਰੂ ਜੀ ਕੀ ਫ਼ਤਹਿ

ਅਖੰਡ ਕੀਰਤਨੀ ਜਥਾ ( ਰਜਿ.)

Akhand Kirtani Jatha (Regd.)

ਸਤਿਕਾਰ ਯੋਗ
ਐਡਵੋਕੇਟ ਹਰਜਿੰਦਰ ਸਿੰਘ ਜੀ ਧਾਮੀ (ਪ੍ਰਧਾਨ)
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ

ਵਾਹਿਗੁਰੂਜੀਕਾਖਾਲਸਾ, ਵਾਹਿਗੁਰੂਜੀਕੀਫਤਹਿ।।

ਸਨਿਮਰ ਬਿਨਤੀ ਹੈ ਕਿ ਬੀਤੇ ਕੁਝ ਸਮੇਂ ਤੋਂ ਸਿੱਖ ਪੰਥ ਦਾ ਅਕਸ ਵਿਗਾੜ ਰਹੀਆਂ ਫ਼ਿਲਮਾਂ ਦਾ ਚਲਣ ਬਹੁਤ ਵੱਧ ਗਿਆ ਹੈ ਤੇ ਹੱਦ ਇਥੋਂ ਤਕ ਹੋ ਗਈ ਹੈ ਕਿ ਗੁਰੂ ਸਾਹਿਬਾਨ ਦੀਆਂ ਕਲਪਿਤ ਫੋਟੋਆਂ ਦੀ ਵੀ ਐਨੀਮੇਸ਼ਨ ਬਣ ਕੇ ਸਾਨੂੰ ਵੰਗਾਰ ਪਾ ਰਹੀਆਂ ਹਨ। ਗੁਰਸਿੱਖੀ ਸਦਾ ਹੀ ਸੰਸਾਰ ਦੀ ਪ੍ਰਚੱਲਤ ਧਾਰਾ ਤੋਂ ਵਖਰੀ ਤੇ ਰੌਸ਼ਨ ਹੋਂਦ ਵਾਲੀ ਰਹੀ ਹੈ। ਇਸ ਦਾ ਕਾਰਨ ਗੁਰੂ ਸਾਹਿਬਾਨ ਤੇ ਗੁਰਬਾਣੀ ਲਈ ਗੁਰਸਿੱਖਾਂ ਦਾ ਸਮਰਪਣ ਤੇ ਪ੍ਰੀਤ ਹੈ। ਇਹ ਅੰਤਰ ਅਵੱਸਥਾ ਤੋਂ ਬਣਦੀ ਹੈ ਕਿਸੇ ਬਾਹਰਲੀ ਪ੍ਰੇਰਣਾ ਤੋਂ ਨਹੀਂ। ਗੁਰਮਤਿ ਦਾ ਮਾਰਗ ਬਾਹਰਲੇ ਭੇਖ, ਤਮਾਸ਼ੇ, ਰਸ ਕਸ ਦਾ ਨਹੀਂ ਹੈ। ਇਸ ਨੇ ਹੀ ਧਰਮ ਦਾ ਘਾਣ ਕੀਤਾ ਸੀ ਤੇ ਇਸ ਤੋਂ ਬਾਹਰ ਕੱਢਣ ਲਈ ਹੀ ਬਾਬਾ ਨਾਨਕ ਜੀ ਨੇ ਅਵਤਾਰ ਧਾਰਿਆ। ਗੁਰਮਤਿ ਨੂੰ ਸਮਝਣ ਤੇ ਪ੍ਰੇਰਣਾ ਲਈ ਉਸ ਅਵਸਥਾ ਦੀ ਲੋੜ ਹੁੰਦੀ ਹੈ ਜਿਸ ਅੰਦਰ ਬਿਨਾ ਅੱਖਾਂ ਵੇਖਣ ਤੇ ਬਿਨਾ ਕੰਨਾਂ ਸੁਣਨ ਦਾ ਅਭਿਆਸ ਹੋ ਜਾਵੇ "ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ" ਇਸ ਅਵਸਥਾ ਅੰਦਰ ਮਨੁੱਖ ਦੀਆਂ ਸਾਰੀਆਂ ਇੰਦਰੀਆਂ ਤੇ ਅੰਗਾਂ ਦਾ ਬਲ ਨਿੱਤਰ ਕੇ ਆਤਮਕ ਤਲ ਵਿਚ ਸਮੋਇਆ ਜਾਂਦਾ ਹੈ। ਸ੍ਰੀਰਕ ਅੰਗਾਂ ਤੇ ਇੰਦ੍ਰਿਆਂ ਦੀ ਜੁਗਤ ਨਾਲ ਆਤਮਕ ਪ੍ਰਾਪਤੀ ਨਹੀਂ ਹੁੰਦੀ "ਦਿਸੈ ਸੁਣੀਐ ਜਾਣੀਐ ਸਾਉ ਨ ਪਾਇਆ ਜਾਇ" ਗੁਰਮਤਿ ਤੇ ਗੁਰਸਿੱਖੀ ਅੰਤਰ ਅਵਸਥਾ ਦਾ ਵਿਸ਼ਾ ਹੈ, ਫ਼ਿਲਮਾਂ, ਨਾਟਕਾਂ ਚੇਟਕਾਂ ਦਾ ਨਹੀਂ। ਜੇ ਗੁਰਸਿੱਖੀ ਨੂੰ ਫ਼ਿਲਮਾਂ ਦਾ ਵਿਸ਼ਾ ਬਣਾਉਣ ਦੀ ਇਜਾਜ਼ਤ ਮਿਲਦੀ ਰਹੀ ਤਾਂ ਇਹ ਗੁਰਸਿੱਖੀ ਦੀ ਮਹਾਨਤਾ ਤੇ ਬਹੁਤ ਵੱਡੇ ਸੰਕਟ ਨੂੰ ਆਪ ਸੱਦਣ ਜਿਹਾ ਹੋਵੇਗਾ। ਅੱਜ ਇਕ ਫ਼ਿਲਮ ਹੈ, ਕੱਲ ਹੋਰ ਲੋਕ ਤਿਆਰ ਹੋ ਜਾਣਗੇ। ਇਹਨਾਂ ਪੈਸੇ ਕਮਾ ਕੇ ਕਿਨਾਰੇ ਲੱਗ ਜਾਣੈ ਤੇ ਘਾਣ ਸਿੱਖੀ ਦਾ ਹੋਵੇਗਾ। ਫ਼ਿਲਮਾਂ ਨਾਲ ਨਾ ਤਾਂ ਸਿੱਖੀ ਦਾ ਕੋਈ ਭਲਾ ਹੋਣਾ ਹੈ ਨਾ ਹੀ ਕੋਈ ਨਜ਼ੀਰ ਬਣਨੀ ਹੈ। ਇਹ ਅਸੀ ਸਾਰੇ ਜਾਣਦੇ ਹਾਂ ਕਿ ਫ਼ਿਲਮਾਂ ਦਾ ਇਕ ਬਜਟ ਹੁੰਦਾ ਹੈ ਤੇ ਫਾਇਨੈਂਸਰ ਮੁਨਾਫ਼ਾ ਕਮਾਉਣ ਲਈ ਇਸ ਵਿਚ ਪੈਸਾ ਲਗਾਉਂਦੇ ਹਨ। ਮੁਨਾਫ਼ੇ ਲਈ ਫ਼ਿਲਮਾਂ ਦੀ ਕੋਸ਼ਿਸ਼ ਹੁੰਦੀ ਹੈ ਕਿ ਲੋਕਾਂ ਦੀਆਂ ਹਲਕੀਆਂ ਭਾਵਨਾਵਾਂ ਨੂੰ ਉਭਾਰ ਕੇ ਸਿਨੇਮਾਘਰਾਂ ਤਕ ਲੈ ਆਇਆ ਜਾਵੇ। ਗੁਰਸਿੱਖੀ ਮਨ ਪਰਚਾਵਾ ਨਹੀਂ ਖੰਡੇ ਦੀ ਧਾਰ ਤੇ ਤਿੱਖੀ ਤੇ ਵਾਲ ਤੋਂ ਵੀ ਨਿੱਕੀ ਹੈ। ਗੁਰਸਿੱਖੀ ਦੀ ਪ੍ਰੇਰਣਾ ਸਿਨੇਮਾਘਰ ਵਿਚ ਨਹੀਂ ਅਲੂਣੀ ਸਿੱਲ ਚੱਟ ਕੇ ਮਿਲਦੀ ਹੈ। ਸਾਡੇ ਅੰਦਰ ਵੀ ਭਰਮ ਹਨ ਕਿ ਫ਼ਿਲਮਾਂ ਤੇ ਬੰਦਿਸ਼ਾਂ ਦੀ ਗੱਲ ਕਰ ਕੇ ਅਸੀ ਆਪ ਗੁਰਸਿੱਖੀ ਦੇ ਪ੍ਰਚਾਰ ਵਿਚ ਵਿਘਨ ਬਣ ਰਹੇ ਹਾਂ। ਪ੍ਰਚਾਰ ਦੀ ਫਿਕਰ ਛੱਡ ਕੇ ਇਹ ਸੋਚਣਾ ਚਾਹੀਦੈ ਕਿ ਜੇ

## ਅਖੰਡ ਕੀਰਤਨੀ ਜੱਥੇ ਨੇ ਐਸਜੀਪੀਸੀ ਪ੍ਰਧਾਨ ਨੂੰ ਪੱਤਰ ਲਿਖ ਸਖ਼ਤ ਕਾਰਵਾਈ ਦੀ ਕੀਤੀ ਮੰਗ

ਤਲਵੰਡੀ ਸਾਬੋ ਦੇ ਪੈਲੇਸ 'ਚੋਂ ਪੁਲਿਸ ਨੇ ਕੈਸੀਨੋ ਨੁਮਾ ਜੂਏ ਦਾ ਵੱਡਾ ਅੱਡਾ ਫੜਿਆ, ਪੰਜ ਖਿਲਾਫ ਮਾਮਲਾ ਦਰਜ਼, ਦੋ ਕਾਬੂ

# ਫੜੇ ਗਏ ਦੋ ਕਥਿਤ ਦੋਸ਼ੀਆਂ 'ਚ ਇੱਕ ਆਮ ਆਦਮੀ ਪਾਰਟੀ ਦਾ ਬਲਾਕ ਪ੍ਰਧਾਨ



ਤਲਵੰਡੀ ਸਾਬੋ, 28 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)– ਪੰਜਾਬ ਪੁਲਿਸ ਵੱਲੋਂ ਨਸ਼ਿਆਂ ਅਤੇ ਸਮਾਜ ਵਿਰੋਧੀ ਅਨਸਰਾਂ ਖਿਲ਼ਾਫ ਪਿਛਲੇ ਸਮੇਂ ਤੋਂ ਆਰੰਭੀ ਗਈ ਮੁਹਿੰਮ ਤਹਿਤ ਅੱਜ ਪੁਲਿਸ ਹੱਥ ਉਦੋਂ ਵੱਡੀ ਸਫਲਤਾ ਲੱਗੀ ਜਦੋਂ ਪੁਲਿਸ ਨੇ ਇਤਿਹਾਸਿਕ ਨਗਰ ਤਲਵੰਡੀ ਸਾਬੋ ਦੇ ਇੱਕ ਪੈਲੇਸ ਚ ਚੱਲ ਰਹੇ ਕੈਸੀਨੋ ਨੁਮਾ ਜੂਏ ਸੱਟੇ ਦੇ ਇੱਕ ਵੱਡੇ ਅੱਡੇ ਅਤੇ ਹੁੱਕਾ ਬਾਰ ਦਾ ਪਰਦਾਫਾਸ਼ ਕਰਕੇ ਉੱਥੋਂ ਵੱਡੇ ਪੱਧਰ 'ਤੇ ਗੈਰ ਕਾਨੂੰਨੀ ਸ਼੍ਰੇਣੀ ਚ ਆਉਦੀਆਂ ਵਸਤਾਂ ਬਰਾਮਦ ਕਰਕੇ ਪੰਜ ਲੋਕਾਂ ਖਿਲਾਫ ਮਾਮਲਾ ਦਰਜ਼ ਕਰਦਿਆਂ ਦੋ ਨੂੰ ਕਾਬੂ ਕਰ ਲਿਆ।ਫੜੇ ਗਏ ਦੋ ਕਥਿਤ ਦੋਸ਼ੀਆਂ ਵਿੱਚੋਂ ਇੱਕ ਆਮ ਆਦਮੀ ਪਾਰਟੀ ਦਾ ਬਲਾਕ ਪ੍ਰਧਾਨ ਹੈ। ਪੁਲਿਸ ਵੱਲੋਂ ਦਰਜ਼ ਮਾਮਲੇ ਅਤੇ ਐੱਸ.ਪੀ (ਡੀ) ਬਠਿੰਡਾ ਜਸਮੀਤ ਸਿੰਘ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਤਲਵੰਡੀ ਸਾਬੋ ਥਾਣੇ ਦੇ ਮੁਖੀ ਪਰਬਤ ਸਿੰਘ ਨੂੰ ਤਲਵੰਡੀ ਸਾਬੋ ਸ਼ਹਿਰ 'ਚ ਜੂਏ ਦਾ ਕੈਸੀਨੋ ਨੁਮਾ ਅੱਡਾ ਅਤੇ ਹੁੱਕਾ ਬਾਰ ਕੋਹਿਨੂਰ ਨਾਮੀ ਮੈਰਿਜ ਪੈਲੇਸ 'ਚ ਚੱਲਦੇ ਹੋਣ ਦੀ ਮੁਖਬਰੀ ਮਿਲੀ। ਮੁਖਬਰ ਨੇ ਦੱਸਿਆ ਕਿ ਉਕਤ ਪੈਲੇਸ ਚ ਬਾਹਰੋਂ ਆਉਂਦੇ ਗਾਹਕਾਂ ਨੂੰ ਜੂਆ ਖਿਡਾਇਆ ਜਾਂਦਾ ਹੈ ਅਤੇ ਉਨਾਂ ਨੂੰ ਸ਼ਰਾਬ ਅਤੇ ਹੁੱਕਾ ਪਰੋਸਿਆ ਜਾਂਦਾ ਹੈ। ਇਤਲਾਹ ਦੀ ਪੁਸ਼ਟੀ ਲਈ ਪੁਲਿਸ ਪਾਰਟੀ ਵੱਲੋਂ ਉਕਤ ਮੈਰਿਜ ਪੈਲੇਸ ਚ ਰੇਡ ਕੀਤੀ ਗਈ ਤਾਂ ਉੱਥੋਂ ਕੈਸੀਨੋ ਚ ਜੂਆ ਖੇਡਣ ਦੇ ਪ੍ਰਤੀਕ ਵਜੋਂ ਵਰਤਿਆ ਜਾਂਦਾ ਵੱਡੀ ਪੱਧਰ ਤੇ ਸਾਜ਼ੋ ਸਮਾਨ, ਅੰਗਰੇਜ਼ੀ ਸ਼ਰਾਬ ਦੀਆਂ ਹਰਿਆਣਾ ਮਾਰਕਾ ਬੋਤਲਾਂ, ਹੁੱਕਾ, ਸਿਗਰਟਾਂ ਦੇ ਡੱਬੇ ਅਤੇ ਪੈਸੇ ਗਿਨਣ ਵਾਲੀ ਮਸ਼ੀਨ ਬਰਾਮਦ ਹੋਈ। ਪੁਲਿਸ ਅਧਿਕਾਰੀ ਮੁਤਾਬਿਕ ਉਕਤ ਜੂਏ ਸੱਟੇ ਦਾ ਅੱਡਾ ਪਿਛਲੇ ਕਾਫੀ ਸਮੇਂ ਤੋਂ ਚੱਲ ਰਿਹਾ ਸੀ। ਉੱਧਰ ਤਲਵੰਡੀ ਸਾਬੋ ਪੁਲਿਸ ਨੇ ਉਕਤ ਮਾਮਲੇ 'ਚ ਪੈਲੇਸ ਮਾਲਕ ਘੁੱਕਰ ਸਿੰਘ ਵਾਸੀ ਤਲਵੰਡੀ ਸਾਬੋ, ਲਛਮਣ ਸਿੰਘ ਅਤੇ ਕੁਲਵਿੰਦਰ ਸਿੰਘ ਵਾਸੀਆਨ ਫੱਲੜ, ਸੁਖਦੇਵ ਸਿੰਘ ਵਾਸੀ ਪਿੰਡ ਜਗਾ ਰਾਮ ਤੀਰਥ ਅਤੇ ਰਵੀ ਅਰੋੜਾ ਵਾਸੀ ਗ੍ਰੀਨ ਸਿਟੀ ਬਠਿੰਡਾ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ਼ ਕਰ ਲਿਆ ਹੈ।ਐੱਸ.ਪੀ ਜਸਮੀਤ ਸਿੰਘ ਅਨੁਸਾਰ ਮਾਮਲੇ 'ਚ ਹੁਣ ਤੱਕ ਦੋ ਲੋਕਾਂ ਲਛਮਣ ਸਿੰਘ ਵਾਸੀ ਫੱਲੜ ਅਤੇ ਸੁਖਦੇਵ ਸਿੰਘ ਵਾਸੀ ਜਗਾ ਰਾਮ ਤੀਰਥ ਨੂੰ ਕਾਬੂ ਕਰ ਲਿਆ ਹੈ ਜਦੋਂਕਿ ਬਾਕੀਆਂ ਦੀ ਭਾਲ ਜਾਰੀ ਹੈ। ਜ਼ਿਕਰਯੋਗ ਹੈ ਕਿ ਫੜੇ ਗਏ ਕਥਿਤ ਦੋਸ਼ੀਆਂ 'ਚੋਂ ਲਛਮਣ ਸਿੰਘ ਆਮ ਆਦਮੀ ਪਾਰਟੀ ਦਾ ਬਲਾਕ ਪ੍ਰਧਾਨ ਦੱਸਿਆ ਜਾਂਦਾ ਹੈ।



# ਸਿੱਖ ਬੱਚੀਆਂ ਨੂੰ ਵਰਗਲਾਉਣ, ਸੋਸ਼ਣ ਕਰਨ ਅਤੇ ਧਾਰਮਿਕ ਕੱਟੜਵਾਦ ਮਾਮਲੇ 'ਤੇ ਦੀਪਾ ਸਿੰਘ ਸਬੂਤਾਂ ਸਮੇਤ ਜਿੰਮੇਵਾਰ ਅਦਾਰਿਆਂ ਨੂੰ ਕਰਨ ਸੰਪਰਕ - ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂਕੇ



ਨਵੀਂ ਦਿੱਲੀ, 28 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ)– ਇੰਗਲੈਂਡ ਦੀ ਸਿੱਖ ਜਥੇਬੰਦੀ ਸਿੱਖ ਯੂਥ ਯੂ. ਕੇ. ਦੇ ਸਰਗਰਮ ਆਗੂ ਸ: ਦੀਪਾ ਸਿੰਘ ਦੇ ਹਵਾਲੇ ਨਾਲ ਮੀਡੀਆ ਵਿੱਚ ਸਿੱਖ ਬੱਚੀਆਂ ਨੂੰ ਵਰਗਲਾਉਣ, ਸੋਸ਼ਣ ਕਰਨ ਅਤੇ ਧਾਰਮਿਕ ਕੱਟੜਵਾਦ ਦੇ ਮਨੋਰਥ ਲਈ ਤਿਆਰ ਕਰਨ ਬਾਰੇ ਛਪੀ ਖਬਰ ਗੰਭੀਰ ਚਿੰਤਨ ਦੀ ਮੰਗ ਕਰਦੀ ਹੈ।ਉਨ੍ਹਾ ਵੱਲੋਂ ਕੀਤੇ ਇਸ ਦਾਅਵੇ ਕਿ ਮਹਿਜ ਦੋ ਹਫਤਿਆਂ ਵਿੱਚ ਉਨ੍ਹਾਂ ਕੋਲ ਦੱਸ ਕੇਸਾਂ ਦੀ ਰਿਪੋਰਟ ਦਰਜ ਹੋਈ ਹੈ ਬਹੁਤ ਦੁਖਦਾਇਕ ਤੇ ਪ੍ਰੇਸ਼ਾਨ ਕਰਨ ਵਾਲਾ ਹੈ।ਅਸੀਂ ਉਨ੍ਹਾਂ ਨੂੰ ਬੇਨਤੀ ਕਰਦੇ ਹਾਂ ਕਿ ਉਹ ਸਬੂਤਾਂ ਸਹਿਤ ਜਿੰਮੇਵਾਰ ਸਰਕਾਰੀ ਅਦਾਰਿਆਂ ਨੂੰ ਸੰਪਰਕ ਕਰਨ। ਇਸ ਸਬੰਧੀ ਉਹ ਸਮੂਹ ਪੰਥਕ ਸਖਸ਼ੀਅਤਾਂ ਅਤੇ ਜਥੇਬੰਦੀਆਂ ਦੀ ਮੀਟਿੰਗ ਬੁਲਾਉਣ ਅਤੇ ਸਾਰੇ ਸਬੂਤਾਂ ਦੇ ਮੱਦੇਨਜ਼ਰ ਸਾਂਝੀ ਭਵਿੱਖਤ ਰਣਨੀਤੀ ਉਲੀਕੀ ਜਾਵੇ।ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂਕੇ ਇਕਾਈ ਦੇ ਮੁੱਖ ਸੇਵਾਦਾਰ ਸਰਬਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਮਨਜੀਤ ਸਿੰਘ ਸਮਰਾ, ਜਨਰਲ ਸਕੱਤਰ ਸਤਿੰਦਰਪਾਲ ਸਿੰਘ ਮੰਗੂਵਾਲ, ਆਰਗੇਨਾਈਜਰ ਪਰੀਤਕਮਲ ਸਿੰਘ ਸਮੇਤ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਅੱਗੇ ਕਿਹਾ ਕਿ ਪਾਰਟੀ ਦੇ ਸਕੱਤਰ ਸ: ਜਸਵਿੰਦਰ ਸਿੰਘ ਰਾਏ ਨੇ ਸਿੱਖ ਰਿਕਵਰੀ ਨੈੱਟਵਰਕ ਨਾਮ ਦੀ ਸੰਸਥਾ ਸਥਾਪਤ ਕੀਤੀ ਹੋਈ ਹੈ ਜਿਸ ਰਾਹੀਂ ਭਾਈਚਾਰੇ ਵਿੱਚ ਫੈਲੀ ਹੋਈ ਨਸ਼ਿਆਂ ਆਦਿਕ ਦੀ ਸਮੱਸਿਆ ਲਈ ਯੋਗ ਹੱਲ ਕੀਤੇ ਜਾਂਦੇ ਹਨ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ. ਕੇ. ਇਸੇ ਪ੍ਰਕਾਰ ਹਰ ਕੌਮੀ ਕਾਰਜ ਵਿੱਚ ਪ੍ਰਸਪਰ ਅਦਾਨ ਪ੍ਰਦਾਨ ਕਰਨ ਲਈ ਵਚਨਬੱਧ ਹੈ।ਸਮਾਜ ਵਿੱਚ ਅਨੇਕਾਂ ਧਰਮਾਂ, ਨਸਲਾਂ, ਫਿਰਕਿਆਂ ਦੇ ਲੋਕ ਵਿਚਰਦੇ ਹਨ ਹਰ ਕਿਸੇ ਦਾ ਫਰਜ਼ ਬਣਦਾ ਹੈ ਕਿ ਸਭ ਦੇ ਨਿੱਜੀ ਜੀਵਨ, ਉਸ ਦੇ ਮੁੱਢਲੇ ਮਨੁੱਖੀ ਅਧਿਕਾਰਾਂ ਅਤੇ ਉਸ ਦੀ ਵਿਚਾਰਧਾਰਾ ਆਦਿਕ ਦੇ ਨੈਤਿਕ ਅਧਿਕਾਰਾਂ ਦਾ ਸਤਿਕਾਰ ਦੀ ਕਦਰ ਕੀਤੀ ਜਾਵੇ ਤਾਂ ਹੀ ਅਸੀਂ ਪ੍ਰਸਪਰ ਦੂਸਰਿਆਂ ਤੋਂ ਅਜਿਹੀ ਉਮੀਦ ਕਰ ਸਕਦੇ ਹਾਂ।

**ਆਵਾਜ਼ਿ ਕੌਮ 'ਚ ਪ੍ਰਕਾਸ਼ਤ ਖ਼ਬਰ ਦਾ ਅਸਰ**

# ਨਵੰਬਰ 1984 ਕਾਨਪੁਰ ਸਿੱਖ ਕਤਲੇਆਮ ਦੇ ਮਾਮਲੇ ਦੀ ਸੁਪਰੀਮ ਕੋਰਟ ਵਿੱਚ ਕੀਤੀ ਗਈ ਸੁਣਵਾਈ: ਭੋਗਲ



**ਨਵੀਂ ਦਿੱਲੀ 28 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ)**:- ਜਥੇਦਾਰ ਕੁਲਦੀਪ ਸਿੰਘ ਭੋਗਲ ਆਲ ਇੰਡੀਆ ਦੰਗਾ ਪੀੜਤ ਰਾਹਤ ਕਮੇਟੀ 1984 ਦੇ ਪ੍ਰਧਾਨ ਨੇ ਪ੍ਰੈਸ ਨੂੰ ਦਿੱਤੇ ਬਿਆਨ ਵਿੱਚ ਕਿਹਾ ਕਿ ਅੱਜ ਨਵੰਬਰ 1984 ਦੇ ਕਾਨਪੁਰ ਸਿੱਖ ਕਤਲੇਆਮ ਮਾਮਲੇ ਦੀ ਸੁਪਰੀਮ ਕੋਰਟ ਅੰਦਰ ਜਨਹਿੱਤ ਪਟੀਸ਼ਨ ਰਿੱਟ ਨੰ. 45/47 ਉਪਰ ਜਸਟਿਸ ਸੂਰਿਆਕਾਂਤ ਦੀ ਅਗਵਾਈ ਵਾਲੇ ਡਿਵੀਜ਼ਨ ਬੈਂਚ ਦੁਆਰਾ ਸੁਣਵਾਈ ਕੀਤੀ ਗਈ। ਜਿਸ ਵਿੱਚ ਉੱਤਰ ਪ੍ਰਦੇਸ਼ ਸਰਕਾਰ ਨੇ ਮਾਣਯੋਗ ਅਦਾਲਤ ਨੂੰ ਦੱਸਿਆ ਕਿ ਇਸ ਮਾਮਲੇ ਵਿੱਚ ਅਪੀਲਾਂ ਦੀ ਸੁਣਵਾਈ ਇਲਾਹਾਬਾਦ ਹਾਈ ਕੋਰਟ ਵਿੱਚ ਸ਼ੁਰੂ ਹੋ ਗਈ ਹੈ ਅਤੇ ਇਨ੍ਹਾਂ ਮਾਮਲਿਆਂ ਦੀ ਸੁਣਵਾਈ ਕਾਨਪੁਰ ਵਿੱਚ ਹੋ ਰਹੀ ਹੈ। ਅਦਾਲਤ ਵਲੋਂ ਕੀਤੀ ਗਈ ਸੁਣਵਾਈ ਉਪਰੰਤ ਇੰਨ੍ਹਾ ਮਾਮਲਿਆਂ ਨੂੰ ਤੇਜ਼ੀ ਨਾਲ ਨਿਪਟਾਉਣ ਲਈ ਜਰੂਰੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ । ਇਸ ਕੇਸ ਦੇ ਪਟੀਸ਼ਨਰ ਕੁਲਦੀਪ ਸਿੰਘ ਭੋਗਲ, ਪ੍ਰਸੂਨ ਕੁਮਾਰ ਐਡਵੋਕੇਟ ਸੁਪਰੀਮ ਕੋਰਟ ਅਤੇ ਐਡਵੋਕੇਟ ਗੁਰਬਖਸ਼ ਸਿੰਘ ਕਾਨਪੁਰ ਅਦਾਲਤ ਵਿੱਚ ਅਗਲੀ ਸੁਣਵਾਈ ਦੌਰਾਨ ਪੇਸ਼ ਹੋ ਕੇ ਕੇਸ ਦੀ ਸਫ਼ਾਈ ਲਈ ਆਪਣਾ ਪੱਖ ਰੱਖਣਗੇ । ਜਿਕਰਯੋਗ ਹੈ ਕਿ 31 ਅਕਤੂਬਰ 1984 ਨੂੰ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਦੇਸ਼ ਵਿਚ ਸਿੱਖਾਂ ਦੇ ਕਤਲੇਆਮ ਕੀਤੇ ਗਏ ਸਨ । ਦਿੱਲੀ ਵਿੱਚ ਹੋਏ ਕਤਲੇਆਮ ਕਾਰਨ ਸਿੱਖ ਭਾਈਚਾਰੇ ਦੇ ਜ਼ਿਆਦਾਤਰ ਲੋਕਾਂ ਦੀ ਜਾਨ ਚਲੀ ਗਈ। ਦਿੱਲੀ ਤੋਂ ਬਾਅਦ, ਉੱਤਰ ਪ੍ਰਦੇਸ਼ ਦਾ ਕਾਨਪੁਰ ਕਤਲੇਆਮ ਤੋਂ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਸੀ । ਇੱਥੇ ਹੋਈ ਹਿੰਸਾ ਵਿੱਚ ਲਗਭਗ 127 ਸਿੱਖ ਮਾਰੇ ਗਏ ਸਨ। ਪੀੜਤਾਂ ਦਾ ਇਹ ਵੀ ਮੰਨਣਾ ਹੈ ਕਿ ਇਸ ਕਤਲੇਆਮ ਵਿੱਚ ਨਾ ਸਿਰਫ਼ 127 ਲੋਕ ਮਾਰੇ ਗਏ ਸਨ, ਸਗੋਂ 300 ਤੋਂ ਵੱਧ ਲੋਕ ਮਾਰੇ ਗਏ ਸਨ। ਸ਼ਹਿਰ ਦੇ ਬਜਾਰੀਆ, ਨਜੀਬਾਬਾਦ, ਪੀਪੀਐਨ ਮਾਰਕੀਟ ਸਮੇਤ ਕਈ ਇਲਾਕਿਆਂ ਵਿੱਚ ਸਿੱਖਾਂ ਵਿਰੁੱਧ ਹਿੰਸਾ ਹੋਈ। ਉਨ੍ਹਾਂ ਦੀਆਂ ਦੁਕਾਨਾਂ ਲੁੱਟ ਲਈਆਂ ਗਈਆਂ ਅਤੇ ਘਰਾਂ ਨੂੰ ਅੱਗ ਲਗਾ ਦਿੱਤੀ ਗਈ।

### ਗੁਰੂਬਾਣੀ ਰਿਸਰਚ ਫਾਉਂਡੇਸ਼ਨ ਵੱਲੋਂ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਵਾਸਤੇ

# "ਗੁਰਬਾਣੀ ਕੰਠ ਚੇਤਨਾ ਲਹਿਰ" ਦਾ ਤੀਜਾ ਪੜਾਅ ਹੋਇਆ ਸੰਪੂਰਨ



ਨਵੀਂ ਦਿੱਲੀ 28 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ):- ਸਿੱਖਾਂ ਦੀ ਧਾਰਮਿਕ ਸੰਸਥਾ 'ਗੁਰੂਬਾਣੀ ਰਿਸਰਚ ਫਾਉਂਡੇਸ਼ਨ ਵੱਲੋਂ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਵਾਸਤੇ ਵਿਸ਼ੇਸ਼ ਉਪਰਾਲਾ ਕੀਤਾ ਜਾ ਰਿਹਾ ਹੈ, ਜਿਸ ਦੇ ਤੀਜੇ ਪੜਾਅ ਦੀ ਸੰਪੂਰਨਤਾ ਗੁਰਦੁਆਰਾ ਸਿੰਘ ਸਭਾ ਅਸ਼ੋਕ ਨਗਰ ਵਿਖੇ ਹੋਈ ਹੈ । ਇਸ ਅਖੀਰਲੇ ਪੜਾਅ ਵਿਚ ਬੱਚਿਆਂ ਨੇ ਵੱਡਾ ਉਤਸ਼ਾਹ ਦਿਖਾਂਦਿਆਂ ਵੱਖ ਵੱਖ ਪੜਾਵਾਂ ਅੰਦਰ ਗੁਰਬਾਣੀ ਦੇ ਪਾਠ ਕੰਠ ਸੁਣਾ ਕੇ ਉਨ੍ਹਾਂ ਨੂੰ ਮਿਲਣ ਵਾਲੇ ਇਨਾਮਾਂ ਲਈ ਟੋਕਨ ਦੀ ਪ੍ਰਾਪਤੀ ਕੀਤੀ, ਇਸ ਮੌਕੇ ਬੱਚਿਆਂ ਦਾ ਉਤਸ਼ਾਹ ਦੇਖਣ ਵਾਲਾ ਸੀ ਜੋ ਕਿ ਆਪ ਮੂਹਰੇ ਵੱਧ ਚੜ੍ਹ ਕੇ ਬਾਣੀ ਨੂੰ ਕੰਠ ਸੁਣਾਉਣ ਲਈ ਹਿੱਸਾ ਲੈ ਰਹੇ ਸੀ ਤੇ ਉਨ੍ਹਾਂ ਦੇ ਨਾਲ ਉਨ੍ਹਾਂ ਦੇ ਪਰਿਵਾਰਿਕ ਮੈਂਬਰ ਵੀ ਹਾਜਿਰ ਹੋ ਕੇ ਉਨ੍ਹਾਂ ਦਾ ਉਤਸ਼ਾਹ ਦੇਖ ਰਹੇ ਸਨ । ਇਸ ਮੌਕੇ ਗੁਰੂਬਾਣੀ ਰਿਸਰਚ ਫਾਉਂਡੇਸ਼ਨ ਦੇ ਚੇਅਰਮੈਨ ਪਰਮਜੀਤ ਸਿੰਘ ਵੀਰਜੀ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਦੀ ਕਵਾਇਦ ਤਹਿਤ 'ਗੁਰਬਾਣੀ ਕੰਠ ਚੇਤਨਾ ਲਹਿਰ' ਪ੍ਰੋਗਰਾਮ ਕਰਾਇਆ ਜਾ ਰਿਹਾ ਹੈ। ਇਸ ਗੁਰਬਾਣੀ ਕੰਠ ਚੇਤਨਾ ਲਹਿਰ ਪ੍ਰੋਗਰਾਮ ਵਿਚ 4 ਤੋਂ 18 ਸਾਲ ਦੇ 400 ਤੋਂ ਵੱਧ ਬੱਚਿਆਂ ਨੇ ਹਿੱਸਾ ਲਿਆ ਹੈ ਜਿਨ੍ਹਾਂ ਨੇ ਵੱਖ ਵੱਖ ਗਰੁੱਪਾਂ ਲਈ ਤੈਅ ਕੀਤੀਆਂ ਬਾਣੀਆਂ ਕੰਠ ਕਰਕੇ ਸੁਣਾਈ ਹੈ । ਉਨ੍ਹਾਂ ਦਸਿਆ ਇਸ ਵਿਚ 70 ਤੋਂ ਵੱਧ ਬੱਚਿਆਂ ਨੇ ਬੇਅੰਤ ਬਾਣੀਆਂ ਨੂੰ ਕੰਠ ਸੁਣਾ ਕੇ ਵੱਡੇ ਇਨਾਮਾਂ ਦੀ ਦੌੜ ਵਿਚ ਆਪਣਾ ਨਾਮ ਦਰਜ਼ ਕਰਵਾਇਆ ਹੈ । ਇਸ ਵਿਚ ਬੱਚੀ ਜਸ਼ਨਪ੍ਰੀਤ ਕੌਰ ਨੇ 30 ਬਾਣੀਆਂ ਦਾ ਪਾਠ ਕੰਠ ਸੁਣਾ ਕੇ ਆਪਣਾ ਗੁਰਬਾਣੀ ਨਾਲ ਪ੍ਰੇਮ ਦਰਸਾਇਆ ਹੈ । ਇਨਾਮਾਂ ਦਾ ਜ਼ਿਕਰ ਕਰਦਿਆਂ ਪਰਮਜੀਤ ਸਿੰਘ ਵੀਰਜੀ ਨੇ ਦੱਸਿਆ ਕਿ ਪਹਿਲਾ ਇਨਾਮ ਗੇਅਰ ਵਾਲੀ ਸਾਈਕਲ (5 ਇਨਾਮ), ਦੂਜਾ ਇਨਾਮ ਆਈ ਪੈਡ (7 ਇਨਾਮ), ਤੀਜਾ ਇਨਾਮ ਮੋਬਾਇਲ ਫੋਨ (10 ਇਨਾਮ), 5 ਵਾਂ ਇਨਾਮ ਸਮਾਰਟ ਰਿਸਟ ਵਾਚ (15 ਇਨਾਮ) ਦਿੱਤੇ ਜਾਣਗੇ। ਉਨ੍ਹਾਂ ਦੱਸਿਆ ਕਿ ਬੱਚਿਆਂ ਲਈ ਤਿੰਨ ਗਰੁੱਪ ਬਣਾਏ ਗਏ ਸਨ ਅਤੇ ਤਿੰਨਾਂ ਗਰੁੱਪਾਂ ਵਾਸਤੇ ਵੱਖ ਵੱਖ ਬਾਣੀਆਂ ਨੂੰ ਕੰਠ ਕਰਨਾ ਨਿਰਧਾਰਿਤ ਕੀਤਾ ਗਿਆ ਹੈ। ਉਨ੍ਹਾਂ ਦਸਿਆ ਕਿ ਆਣ ਵਾਲੀ 4 ਮਈ ਨੂੰ ਦਿੱਲੀ ਹਾਟ ਦੇ ਐਕਸਪੋਜੀਸ਼ਨ ਹਾਲ ਵਿਖੇ ਇੱਕ ਵੱਡਾ ਪ੍ਰੋਗਰਾਮ ਕਰਵਾ ਕੇ ਜੇਤੂ ਬੱਚਿਆਂ ਨੂੰ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ ਮੁੱਖ ਪ੍ਰਬੰਧਕ ਭਾਈ ਪਰਮਜੀਤ ਸਿੰਘ ਵੀਰਜੀ ਦੇ ਨਾਲ ਬੀਬੀ ਰਵਿੰਦਰ ਕੌਰ, ਬੀਬੀ ਬਲਵਿੰਦਰ ਕੌਰ, ਅਮਰਜੀਤ ਸਿੰਘ ਹੀਰਾ, ਜਸਵਿੰਦਰ ਸਿੰਘ, ਦਲਜੀਤ ਸਿੰਘ ਸਮੇਤ ਬਹੁਤ ਸਾਰੇ ਪਤਵੰਤੇ ਸੱਜਣ ਹਾਜਿਰ ਸਨ ਜੋ ਬੱਚਿਆਂ ਕੋਲੋਂ ਗੁਰੂਬਾਣੀ ਨੂੰ ਕੰਠ ਸੁਣ ਕੇ ਉਨ੍ਹਾਂ ਨੂੰ ਮਿਲਣ ਵਾਲੇ ਇਨਾਮਾਂ ਦੀ ਸ਼੍ਰੇਣੀ ਵਿਚ ਸੂਚੀਬਧ ਕਰ ਰਹੇ ਸਨ।

**☛ 30 ਬਾਣੀਆਂ ਦਾ ਪਾਠ ਕੰਠ ਹੈ ਜਸ਼ਨਪ੍ਰੀਤ ਕੌਰ ਨੂੰ ☛ 4 ਮਈ ਨੂੰ ਦਿੱਲੀ ਹਾਟ ਦੇ ਐਕਸਪੋਜੀਸ਼ਨ ਹਾਲ ਵਿਖੇ ਜੇਤੂ ਬੱਚਿਆਂ ਨੂੰ ਸਨਮਾਨਿਤ ਕੀਤਾ ਜਾਵੇਗਾ**

ਆਵਾਜ਼ਿ ਕੌਮ AWAZE QAUM International Newspaper & WEB TV

# ਖਡੂਰ ਸਾਹਿਬ ਦੇ ਲੋਕ ਐਮ.ਪੀ. ਦੀ ਗੈਰਹਾਜ਼ਰੀ ਕਾਰਨ ਸਹੂਲਤਾਂ ਤੋਂ ਸੱਖਣੇ: ਬ੍ਰਹਮਪੁਰਾ

**☛ ਬ੍ਰਹਮਪੁਰਾ ਨੇ ਨਸ਼ਿਆਂ ਦੇ ਮੁੱਦੇ 'ਤੇ ਪੁਲਿਸ ਦੀ ਕਾਰਵਾਈ 'ਤੇ ਉਠਾਏ ਵੱਡੇ ਸਵਾਲੀਆ ਨਿਸ਼ਾਨ ☛ ਕਿਹਾ, ਕੀ ਨਸ਼ਾ ਤਸਕਰ ਡੈੱਡਲਾਈਨ ਤੋਂ ਡਰਦੇ ਹਨ?': ਬ੍ਰਹਮਪੁਰਾ ਨੇ ਪੁਲਿਸ ਦੀ ਰਣਨੀਤੀ 'ਤੇ ਕੀਤਾ ਤੰਜ**



ਤਰਨ ਤਾਰਨ 28 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)-ਸ਼੍ਰੋਮਣੀ ਅਕਾਲੀ ਦਲ ਮੀਤ ਪ੍ਰਧਾਨ ਅਤੇ ਖਡੂਰ ਸਾਹਿਬ ਤੋਂ ਸਾਬਕਾ ਵਿਧਾਇਕ, ਰਵਿੰਦਰ ਸਿੰਘ ਬ੍ਰਹਮਪੁਰਾ ਨੇ ਅੱਜ ਲੋਕ ਸਭਾ ਹਲਕਾ ਖਡੂਰ ਸਾਹਿਬ ਵਿੱਚ ਮੌਜੂਦਾ ਸੰਸਦ ਮੈਂਬਰ ਦੀ ਲੰਮੇ ਸਮੇਂ ਤੋਂ ਗੈਰ-ਮੌਜੂਦਗੀ ਕਾਰਨ ਹਲਕਾ ਵਾਸੀਆਂ ਨੂੰ ਦਰਪੇਸ਼ ਆ ਰਹੀਆਂ ਮੁਸ਼ਿਕਲਾਂ ਅਤੇ ਐਮਪੀ ਕੋਟੇ ਦੀਆਂ ਸਹੂਲਤਾਂ ਤੋਂ ਵਾਂਝੇ ਹੋਣ 'ਤੇ ਗਹਿਰੀ ਚਿੰਤਾ ਪ੍ਰਗਟਾਈ ਹੈ। ਇਸ ਦੇ ਨਾਲ ਹੀ ਉਨ੍ਹਾਂ ਪੰਜਾਬ ਪੁਲਿਸ ਵੱਲੋਂ 31 ਮਈ ਤੱਕ ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖ਼ਾਤਮੇ ਦੇ ਦਾਅਵਿਆਂ ਨੂੰ "ਖੋਖਲਾ" ਕਰਾਰ ਦਿੰਦਿਆਂ ਪੁਲਿਸ ਦੀ ਕਾਰਗੁਜ਼ਾਰੀ ਅਤੇ ਨੀਤੀ 'ਤੇ ਸਵਾਲੀਆ ਨਿਸ਼ਾਨ ਲਗਾਇਆ ਹੈ।

ਸ੍ਰ. ਬ੍ਰਹਮਪੁਰਾ ਨੇ ਪੰਜਾਬ ਦੇ ਡੀਜੀਪੀ ਗੌਰਵ ਯਾਦਵ ਵੱਲੋਂ ਨਸ਼ਾ ਤਸਕਰੀ ਨੂੰ 31 ਮਈ ਤੱਕ ਖ਼ਤਮ ਕਰਨ ਦੇ ਐਲਾਨ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਇਹ ਬਿਆਨ ਸਿਰਫ਼ ਕਾਗਜ਼ੀ ਕਾਰਵਾਈ ਜਾਪਦੇ ਹਨ, ਜਦਕਿ ਜ਼ਮੀਨੀ ਹਕੀਕਤ ਬਿਲਕੁਲ ਵੱਖਰੀ ਹੈ। ਉਨ੍ਹਾਂ ਕਿਹਾ ਕਿ ਖਡੂਰ ਸਾਹਿਬ ਵਰਗਾ ਸਰਹੱਦੀ ਇਲਾਕਾ ਖ਼ੁਦ ਨਸ਼ਿਆਂ ਦਾ ਇੱਕ ਵੱਡਾ ਕੇਂਦਰ ਬਣ ਚੁੱਕਾ ਹੈ ਅਤੇ ਪੁਲਿਸ ਦੇ ਦਾਅਵਿਆਂ ਦੇ ਬਾਵਜੂਦ ਨਸ਼ਾ ਸ਼ਰੇਆਮ ਵਿਕ ਰਿਹਾ ਹੈ। ਉਨ੍ਹਾਂ ਪੁਲਿਸ ਨੂੰ ਸਵਾਲ ਕੀਤਾ, "ਪੁਲਿਸ ਸਪੱਸ਼ਟ ਕਰੇ ਕਿ ਉਹ ਨਸ਼ਿਆਂ ਦੀ ਸਪਲਾਈ ਲਾਈਨ ਨੂੰ ਕਿਵੇਂ ਤੋੜੇਗੀ ਅਤੇ ਅਸਲ ਨਸ਼ਾ ਤਸਕਰਾਂ, ਖ਼ਾਸ ਕਰਕੇ 'ਵੱਡੀਆਂ ਮੱਛੀਆਂ' ਨੂੰ ਕਿਵੇਂ ਕਾਬੂ ਕਰੇਗੀ? ਸਿਰਫ਼ ਡੈੱਡਲਾਈਨ ਦੇ ਦੇਣਾ ਕਾਫ਼ੀ ਨਹੀਂ ਹੈ, ਠੋਸ ਕਾਰਵਾਈ ਦੀ ਲੋੜ ਹੈ।"

ਸ੍ਰ. ਬ੍ਰਹਮਪੁਰਾ ਨੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਖਡੂਰ ਸਾਹਿਬ ਤੋਂ ਵੱਡੀ ਜਿੱਤ ਹਾਸਲ ਕਰਨ ਵਾਲੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦਾ ਜ਼ਿਕਰ ਕਰਦਿਆਂ ਕਿਹਾ ਕਿ ਭਾਵੇਂ ਉਨ੍ਹਾਂ ਨੇ ਨਸ਼ਿਆਂ ਦੇ ਖ਼ਾਤਮੇ ਨੂੰ ਮੁੱਖ ਚੋਣ ਮੁੱਦਾ ਬਣਾਇਆ ਸੀ, ਪਰ ਹੁਣ ਉਹ ਖ਼ੁਦ ਇਸ ਮੋਰਚੇ 'ਤੇ ਅਸਫ਼ਲ ਸਾਬਤ ਹੋਏ ਹਨ। ਉਨ੍ਹਾਂ ਦੋਸ਼ ਲਾਇਆ ਕਿ ਅੰਮ੍ਰਿਤਪਾਲ ਸਿੰਘ ਦਾ ਆਪਣਾ ਛੋਟਾ ਭਰਾ ਹਰਪ੍ਰੀਤ ਸਿੰਘ ਕਥਿਤ ਤੌਰ 'ਤੇ ਨਸ਼ਿਆਂ ਦਾ ਆਦੀ ਹੈ, ਜੋ ਉਨ੍ਹਾਂ ਦੇ ਨਸ਼ਾ ਵਿਰੋਧੀ ਸਟੈਂਡ 'ਤੇ ਗੰਭੀਰ ਸਵਾਲ ਖ਼ੜ੍ਹੇ ਕਰਦਾ ਹੈ।

ਸਭ ਤੋਂ ਵੱਡੀ ਚਿੰਤਾ ਜ਼ਾਹਰ ਕਰਦਿਆਂ ਸ੍ਰ. ਬ੍ਰਹਮਪੁਰਾ ਨੇ ਕਿਹਾ ਕਿ ਮੌਜੂਦਾ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇਸ਼ ਵਿਰੋਧੀ ਗਤੀਵਿਧੀਆਂ ਦੇ ਦੋਸ਼ਾਂ ਹੇਠ ਲੰਮੇ ਸਮੇਂ ਤੋਂ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਨਜ਼ਰਬੰਦ ਹਨ। ਇਸ ਕਾਰਨ ਲੋਕ ਸਭਾ ਹਲਕਾ ਖਡੂਰ ਸਾਹਿਬ ਦੇ ਲੋਕ ਪੂਰੀ ਤਰ੍ਹਾਂ ਬੇਸਹਾਰਾ ਹੋ ਗਏ ਹਨ ਅਤੇ ਸੰਸਦ ਮੈਂਬਰ ਦੇ ਕੋਟੇ ਵਿੱਚੋਂ ਮਿਲਣ ਵਾਲੀਆਂ ਲੋੜੀਂਦੀ ਸਹੂਲਤਾਂ ਤੋਂ ਵਾਂਝੇ ਹਨ। ਉਨ੍ਹਾਂ ਖ਼ਾਸ ਤੌਰ 'ਤੇ ਜ਼ਿਕਰ ਕੀਤਾ ਕਿ ਪ੍ਰਧਾਨ ਮੰਤਰੀ ਕੌਮੀ ਰਾਹਤ ਫੰਡ (ਕੈਂਸਰ ਰਾਹਤ ਯੋਜਨਾ) ਤਹਿਤ ਮਿਲਣ ਵਾਲੀ ਮਾਲੀ ਸਹਾਇਤਾ ਲੋੜਵੰਦ ਕੈਂਸਰ ਪੀੜਤਾਂ ਤੱਕ ਨਹੀਂ ਪਹੁੰਚ ਰਹੀ, ਕਿਉਂਕਿ ਇਸ ਲਈ ਐਮਪੀ ਦੀ ਸਿਫ਼ਾਰਸ਼ ਜ਼ਰੂਰੀ ਹੁੰਦੀ ਹੈ। ਆਪਣੇ ਪਿਤਾ, ਮਰਹੂਮ ਜਥੇ: ਰਣਜੀਤ ਸਿੰਘ ਬ੍ਰਹਮਪੁਰਾ ਦੇ ਸੰਸਦ ਮੈਂਬਰੀ ਕਾਰਜਕਾਲ ਨੂੰ ਯਾਦ ਕਰਦਿਆਂ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਕਿਹਾ, "ਜਦੋਂ ਮੇਰੇ ਪਿਤਾ ਜੀ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਸਨ, ਤਾਂ ਹਲਕੇ ਦਾ ਕੋਈ ਵੀ ਲੋੜਵੰਦ ਵਿਅਕਤੀ ਐਮਪੀ ਕੋਟੇ ਦੀਆਂ ਸਹੂਲਤਾਂ ਤੋਂ ਵਾਂਝਾ ਨਹੀਂ ਰਿਹਾ। ਭਾਵੇਂ ਉਹ ਲਿੰਕ ਸੜਕਾਂ ਹੋਣ, ਸਿਹਤ ਸਹੂਲਤਾਂ ਹੋਣ ਜਾਂ ਖ਼ਾਸ ਕਰਕੇ ਕੈਂਸਰ ਪੀੜਤਾਂ ਲਈ ਪ੍ਰਧਾਨ ਮੰਤਰੀ ਰਾਹਤ ਫੰਡ ਤੋਂ ਮਦਦ ਦਿਵਾਉਣੀ ਹੋਵੇ, ਹਰ ਕੰਮ ਪਹਿਲ ਦੇ ਆਧਾਰ 'ਤੇ ਕੀਤਾ ਜਾਂਦਾ ਸੀ।" ਉਨ੍ਹਾਂ ਸਵਾਲ ਕੀਤਾ ਕਿ ਹੁਣ ਖਡੂਰ ਸਾਹਿਬ ਦੇ ਲੋਕ ਆਪਣੀਆਂ ਸਮੱਸਿਆਵਾਂ ਅਤੇ ਐਮਪੀ ਕੋਟੇ ਦੀਆਂ ਸਹੂਲਤਾਂ ਲਈ ਕਿਸ ਕੋਲ ਜਾਣ? ਉਨ੍ਹਾਂ ਸਰਕਾਰ ਅਤੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਹਲਕਾ ਵਾਸੀਆਂ ਦੀਆਂ ਮੁਸ਼ਿਕਲਾਂ ਦਾ ਹੱਲ ਕਰਨ ਲਈ ਕੋਈ ਬਦਲਵਾਂ ਪ੍ਰਬੰਧ ਕੀਤਾ ਜਾਵੇ ਤਾਂ ਜੋ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮਿਲ ਸਕਣ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਸ਼ੁੱਧ ਭਾਰਤੀ ਹਿੰਦੂ ਅੱਤਵਾਦ !



**15 ਅਗਸਤ** 1947 ਤੋਂ ਲੈ ਕੇ 22 ਅਪਰੈਲ 2025 ਦੇ ਜੰਮੂ ਕਸ਼ਮੀਰ ਦੇ ਅਨੰਤਨਾਗ ਜਿਲ੍ਹੇ ਦੇ ਕਸਬੇ ਪਹਿਲਗਾਮ ਵਿੱਚ ਹੋਏ ਨਿਰਦੋਸ਼ ਲੋਕਾਂ ਦੇ ਕਤਲੇਆਮ ਤੱਕ ਭਾਰਤ ਮਾਤਾ ਕਰੋੜਾਂ ਨਿਰਦੋਸ਼ ਲੋਕਾਂ ਦਾ ਖ਼ੂਨ ਪੀ ਕੇ ਲੱਗਦਾ ਅਜੇ ਵੀ ਹੋਰ ਪਿਆਸੀ ਹੋਵੇਗੀ ! ਦਸ ਲੱਖ ਲੋਕਾਂ ਦਾ ਖ਼ੂਨ ਤਾਂ ਭਾਰਤ ਮਾਤਾ 1947 ਵਿੱਚ ਪੰਜਾਬ ਦੀ ਹੋਈ ਵੰਡ ਸਮੇਂ ਹੀ ਪੀ ਗਈ ਸੀ ! ਜੀ ਹਾਂ ਤੁਸੀਂ ਸਹੀ ਹੀ ਪੜ੍ਹਿਆ ਹੈ ਪੰਜਾਬ ਦੀ ਵੰਡ ਸਮੇਂ , ਕਿਉਂਕਿ ਹਿੰਦੋਸਤਾਨ ਜਮਨਾ ਨਦੀ ਤੋਂ ਪਰੇ ਪਰੇ ਤੋਂ ਸ਼ੁਰੂ ਹੁੰਦਾ ਹੈ , ਜਾਣੀ ਕਿ ਦਿੱਲੀ ਤੋਂ ਪਰਾਂਹ ਤੋਂ ਹਿੰਦੋਸਤਾਨ ਸ਼ੁਰੂ ਹੁੰਦਾ ਹੈ ਅਤੇ ਦਿੱਲੀ ਤੋਂ ਉੱਰੇ ਤੋਂ ਦੇਸ਼ ਪੰਜਾਬ ਸ਼ੁਰੂ ਹੁੰਦਾ ਸੀ ਕਦੇ ! 15 ਅਗਸਤ 1947 ਤੋਂ ਭਾਰਤ ਆਜਾਦ ਹੋਇਆ ਮੰਨਿਆਂ ਜਾਂਦਾ ਹੈ ! ਹਿੰਦੂਆਂ ਨੂੰ ਹਿੰਦੋਸਤਾਨ ਮਿਲ ਗਿਆ , ਮੁਸਲਮਾਨਾਂ ਨੂੰ ਪਾਕਿਸਤਾਨ ਮਿਲ ਗਿਆ , ਸਿੱਖਾਂ ਨੂੰ ਵੀ ਖਾਲਿਸਤਾਨ ਮਿਲਦਾ ਸੀ ਪਰ ਮੌਕੇ ਦੇ ਢਿੱਲੇ ਜਿਹੇ ਲੀਡਰ ਮਾਸਟਰ ਤਾਰਾ ਸਿੰਘ ਅਤੇ ਸਰਦਾਰ ਬਲਦੇਵ ਸਿੰਘ ਸਿੱਖਾਂ ਦੀ ਬੇੜੀਆਂ ਵਿੱਚ ਵੱਟੇ ਪਾ ਗਏ ਅਤੇ ਖਾਲਿਸਤਾਨ ਨਾ ਲੈ ਸਕੇ ਅਤੇ ਸਿੱਖਾਂ ਦੀ ਕਿਸਮਤ ਪੱਥਰ ਪੂਜਣ ਵਾਲੇ ਪੱਥਰ ਦਿਲ ਇਨਸਾਨਾਂ ਨਾਲ ਜੋੜ ਗਏ ! ਅਸੀਂ ਕਿਸੇ ਵੀ ਧਰਮ ਜਾਂ ਫਿਰਕੇ ਦੇ ਖਿਲਾਫ ਨਹੀਂ ਹਾਂ ਪਰ ਸੱਚ ਕਹਿਣ ਤੋਂ ਵੀ ਗੁਰੇਜ ਨਹੀਂ ਕਰਾਂਗੇ ! ਕੱਲ੍ਹ ਦਾ ਵਹਿਸ਼ੀ ਕਾਰਾ ਕਸ਼ਮੀਰ ਵਿੱਚ ਜਿਸ ਕਿਸੇ ਨੇ ਵੀ ਕੀਤਾ ਅਤੀ ਨਿੰਦਣਯੋਗ ਹੈ , ਦਿਲ ਉੱਤੇ ਦਰਦ ਹੋਇਆ ਹੈ ਤਾਂ ਆਹ ਜੋ ਚੀਸ ਨਿੱਕਲੀ ਹੈ ਉੱਹ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ ! ਹੁਣ ਅਮਰੀਕਾ ਦਾ ਉੱਪ ਰਾਸ਼ਟਰਪਤੀ ਜੇ ਡੀ ਬੈਂਸ ਆਇਆ ਹੋਇਆ ਸੀ ਅਤੇ ਅੱਜ ਤੋਂ ਪੱਚੀ ਸਾਲ ਪਹਿਲਾਂ ਅਮਰੀਕਾ ਦਾ ਰਾਸ਼ਟਰਪਤੀ ਬਿੱਲ ਕਲਿੰਟਨ ਆਇਆ ਹੋਇਆ ਸੀ , ਉੱਦੋ ਵੀ ਜੰਮੂ ਕਸ਼ਮੀਰ ਦੇ ਚਿੱਠੀ ਸਿੰਘ ਪੁਰਾ ਵਿੱਚ ਨਿਰਦੋਸ਼ 36 ਸਿੱਖਾਂ ਨੂੰ ਕਤਲ ਕਰ ਦਿੱਤਾ ਗਿਆ ਸੀ ਅਤੇ ਨਾਮ ਕਸ਼ਮੀਰੀ ਆਜਾਦੀ ਪਸੰਦ ਜਥੇਬੰਦੀਆਂ ਦਾ ਲਗਾ ਦਿੱਤਾ ਗਿਆ ਸੀ ! ਪਰ ਬਾਅਦ ਵਿੱਚ ਸਾਰੀਆਂ ਮੁਸਲਮਾਨ ਜਥੇਬੰਦੀਆਂ ਨੇ ਸਪੱਸ਼ਟੀਕਰਨ ਦੇ ਦਿੱਤਾ ਸੀ ਕਿ ਚਿੱਠੀ ਸਿੰਘ ਪੁਰਾ ਸਿੱਖਾਂ ਦਾ ਕਤਲ ਸਾਡੀ ਕਿਸੇ ਵੀ ਜੰਥੇਬੰਦੀ ਵਲੋਂ ਨਹੀਂ ਕੀਤਾ ਗਿਆ ਅਤੇ ਨਾ ਹੀ ਸਿੱਖਾਂ ਨਾਲ ਸਾਡੀ ਕੋਈ ਦੁਸ਼ਮਣੀ ਹੈ ! ਇਸੇ ਤਰਾਂ ਪੰਜਾਬ ਵਿੱਚ ਚੱਲੀ ਖਾੜਕੂ ਲਹਿਰ ਸਮੇਂ ਭਾਰਤੀ ਖ਼ੂੰਖਾਰ ਏਜੰਸੀ ਰਾਅ ਵਲੋਂ ਨਿਰਦੋਸ਼ ਲੋਕਾਂ ਨੂੰ ਮਾਰ ਕੇ ਪੰਜਾਬ ਪੁਲੀਸ ਵਾਲਿਆਂ ਦੇ ਪਰਿਵਾਰਾਂ ਨੂੰ ਖ਼ੁਦ ਹੀ ਮਾਰ ਕੇ ਤੇ ਨਾਮ ਖਾੜਕੂ ਜਥੇਬੰਦੀਆਂ ਦਾ ਲਗਾ ਦਿੱਤਾ ਜਾਂਦਾ ਸੀ ! ਦੁਨੀਆਂ ਦੀ ਚੌਥੀ ਸ਼ਕਤੀਸ਼ਾਲੀ ਤਾਕਤ ਭਾਰਤ ਨੂੰ ਮੰਨਿਆਂ ਜਾਂਦਾ ਹੈ , ਫੌਜ , ਬੀ ਐਸ ਐਫ , ਸੀ ਆਰ ਪੀ ਐਫ , ਆਈ ਟੀ ਬੀ ਪੀ , ਐਨ ਆਈ ਏ , ਇੰਟੈਲੀਜੈਂਸੀ ਰਾਅ , ਆਈ ਬੀ , ਸੀ ਬੀ ਆਈ ਵਰਗੀਆਂ ਏਦੰਸੀਆਂ ਦੇ ਹੁੰਦਿਆਂ ਇਹ ਅੱਤਵਾਦੀ ਫੌਜ ਦੀ ਵਰਦੀ ਵਿੱਚ ਕਿਥੋਂ ਅਤੇ ਕਿੱਦਾਂ ਆਏ ਨਿਰਦੋਸ਼ ਲੋਕਾਂ ਨੂੰ ਮਾਰ ਕੇ ਕਿਵੇਂ ਅਤੇ ਕਿੱਥੇ ਚਲੇ ਗਏ ਇਹ ਇੱਕ ਬਹੁਤ ਵੱਡਾ ਸਵਾਲ ਹੈ ! ਜਿਸ ਦਾ ਜਵਾਬ ਨੱਬੇ ਪ੍ਰਤੀਸ਼ਤ ਭਾਰਤੀਆਂ ਪਤਾ ਹੀ ਹੈ ਕਿ ਇਹ ਕਾਰਾ ਵੀ ਭਾਰਤੀ ਸਰਕਾਰ ਦੀਆਂ ਉੱਹਨਾਂ ਏਜੰਸੀਆਂ ਅਤੇ ਫੋਰਸਾਂ ਦਾ ਹੀ ਹੈ ਜਿਹਨਾਂ ਨੇ ਖਾੜਕੂ ਲਹਿਰ ਸਮੇਂ ਦਸਾਂ ਸਾਲਾਂ ਵਿੱਚ ਕਰੀਬ ਦੋ ਲੱਖ ਸਿੱਖ ਝੂਠੇ ਪੁਲੀਸ ਮੁਕਾਬਲਿਆਂ ਵਿੱਚ ਮਾਰ ਦਿੱਤਾ ਸੀ ਜਿਹਨਾਂ ਦੀ ਉੱਮਰ ਵੀ ਬਾਰਾਂ ਪੰਦਰਾਂ ਸਾਲ ਤੋਂ ਪੈਂਤੀ ਚਾਲੀ ਸਾਲ ਹੀ ਸੀ , ਇਹਨਾਂ ਦਰਬਾਰ ਸਾਹਿਬ ਸਮੇਤ ਛੱਤੀ ਹੋਰ ਗੁਰਦਵਾਰਿਆਂ ਤੇ ਹਮਲਾ ਕਰਕੇ ਕਰੀਬ ਪੱਚੀ ਹਜਾਰ ਸਿੱਖ ਮਾਰ ਦਿੱਤਾ , ਇਹਨਾਂ ਨੇ ਇੰਦਰਾ ਗਾਂਧੀ ਦੇ ਮਰਨ ਤੋਂ ਬਾਅਦ ਪੂਰੇ ਹਿੰਦੋਸਤਾਨ ਦੇ ਸ਼ਹਿਰਾਂ ਵਿੱਚ ਵੀ ਗਲਾਂ ਵਿੱਚ ਟਾਇਰ ਪਾ ਕੇ ਸਾੜ ਕੇ , ਸਿਰਾਂ ਵਿੱਚ ਲੋਹੇ ਦੀਆਂ ਰਾਡਾਂ ਮਾਰ ਮਾਰ ਕੇ , ਮੂੰਹ ਵਿੱਚ ਪਟਰੌਲ ਪਾ ਕੇ , ਸਰੀਰਾਂ ਤੇ ਇੱਕ ਵਿਸ਼ੇਸ਼ ਕੈਮੀਕਲ ਪਾ ਕੇ ਵੀਹ ਪੱਚੀ ਹਜਾਰ ਸਿੱਖ ਮਾਰ ਦਿੱਤਾ ਸੀ ! ਇਹਨਾਂ ਹੀ ਭਾਰਤੀ ਏਜੰਸੀਆਂ ਨੇ ਬਾਪੂ ਸੂਰਤ ਸਿੰਘ ਦਾ ਜਵਾਈ ਭੋਲਾ ਸਿੰਘ ਅਮਰੀਕਾ ਵਿੱਚ , ਬਾਬਾ ਜੋਗਾ ਸਿੰਘ ਖਾਲਿਸਤਾਨੀ , ਨੰਗਲ ਅੰਬੀਆਂ ਕਬੱਡੀ ਖਿਡਾਰੀ , ਭਾਈ ਸੰਦੀਪ ਸਿੰਘ ਸਿੱਧੂ ਉੱਰਫ ਦੀਪ ਸਿੱਧੂ , ਸਿੱਧੂ ਮੂਸੇਵਾਲਾ ਪੰਜਾਬ ਵਿੱਚ ਮਾਰ ਦਿੱਤੇ ! ਭਾਈ ਹਰਮੀਤ ਸਿੰਘ ਪੀ ਐਚ ਡੀ , ਭਾਈ ਪਰਮਜੀਤ ਸਿੰਘ ਪੰਜਵੜ ਪਾਕਿਸਤਾਨ ਵਿੱਚ ਮਾਰ ਦਿੱਤੇ , ਭਾਈ ਰਿਪਦੁੱਮਨ ਸਿੰਘ ਮਲਿਕ , ਭਾਈ ਹਰਦੀਪ ਸਿੰਘ ਨਿੱਝਰ ਕਨੇਡਾ ਵਿੱਚ ਮਾਰ ਦਿੱਤੇ , ਭਾਈ ਅਵਤਾਰ ਸਿੰਘ ਖੰਡਾ ਇੰਗਲੈਂਡ ਵਿੱਚ ਜਹਿਰ ਦੇ ਕੇ ਮਾਰ ਦਿੱਤਾ , ਗੁਰਪਤਵੰਤ ਸਿੰਘ ਪੰਨੂੰ ਵਕੀਲ ਨੂੰ ਅਮਰੀਕਾ ਵਿੱਚ ਮਾਰਨ ਦੀ ਨਾਕਾਮ ਕੋਸ਼ਿਸ਼ ਰਾਅ ਏਜੰਸੀ ਨੇ ਕੀਤੀ ! ਐਨੇ ਲੋਕਾਂ ਦੇ ਖ਼ੂਨ ਨਾਲ ਰੰਗੇ ਹੋਏ ਹੱਥਾਂ ਵਾਲੇ ਇਹ ਸ਼ੱਧ ਹਿੰਦੂ ਅੱਤਵਾਦੀ ਹੀ ਹਨ ਜੀ ! ਅਗਰ ਭਾਰਤ ਦੇ ਬਾਕੀ ਰਾਜਾਂ ਮਨੀਪੁਰ ਉੜੀਸਾ ਨਾਗਾਲੈਂਡ ਕਰਨਾਟਕ ਮਿਜੋਰਾਮ ਅਤੇ ਹੋਰਨਾਂ ਦਾ ਵੀ ਜੰਮੂ ਕਸ਼ਮੀਰ ਸਮੇਤ ਹਿਸਾਬ ਕਰੀਏ ਇਹਨਾਂ ਪਾਪੀਆਂ ਦੇ ਪਾਪਾਂ ਦੀ ਲਿਸਟ ਬਹੁਤ ਲੰਬੀ ਹੋ ਜਾਵੇਗੀ ! ਸਾਰੇ ਰਾਜਾਂ ਦੀਆਂ ਸਾਰੀਆਂ ਕੌਮਾਂ ਨੂੰ ਬੇਨਤੀ ਹੈ ਕਿ ਸਿੱਖਾਂ ਵਾਂਗ ਕਸ਼ਮੀਰੀਆਂ ਨਾਗਿਆਂ ਵਾਂਗ ਆਪਣੀ ਆਪਣੀ ਆਜਾਦੀ ਦੇ ਬਿਗਲ ਵਜਾ ਦਿਓ ਅਤੇ ਏਸ ਹਿੰਦੋਸਤਾਨ ਰੂਪੀ ਪਿੰਜਰੇ ਵਿੱਚੋਂ ਆਜਾਦ ਹੋ ਜਾਓ ! ਨਹੀਂ ਤਾਂ ਕਦੀ ਚਿੱਠੀ ਸਿੰਘ ਪੁਰਾ ਕਦੀ ਪੁਲਵਾਮਾ ਕਦੀ ਪਹਿਲਗਾਮ ਅਨੰਤਨਾਗ ਵਾਂਗ ਤੁਸੀਂ ਵੀ ਅਤੇ ਅਸੀਂ ਵੀ ਭਾਰਤੀ ਸ਼ੁੱਧ ਹਿੰਦੂਵਾਦੀ ਅੱਤਵਾਦੀ ਏਜੰਸੀਆਂ ਦਾ ਸ਼ਿਕਾਰ ਬਣ ਸਕਦੇ ਹਾਂ ! ਕਦੇ ਪਾਕਿਸਤਾਨ ਵਿੱਚ ਸਿੱਖਾਂ ਨੂੰ ਮਾਰ ਦਿੰਦੇ ਹਨ ਹਿੰਦੂਆਂ ਨੂੰ ਵੀ ਮਾਰ ਦਿੰਦੇ ਹਨ , ਕਦੇ ਅਫਗਾਨਿਸਤਾਨ ਵਿੱਚ ਵੀ ਪੂਰੀ ਦੀ ਪੂਰੀ ਸਿੱਖ ਲੀਡਰਸ਼ਿਪ ਰਾਅ ਵਲੋਂ ਮਾਰ ਦਿੱਤੀ ਜਾਂਦੀ ਹੈ ! ਜਾਗੋ ਸਿੱਖੋ ਜਾਗੋ ਲੋਕੋ , ਇਹਨਾਂ ਦੀਆਂ ਕਪਟੀ ਚਾਲਾਂ ਨੂੰ ਪਛਾਣੋ ਜੀ !

**-ਹਰਪ੍ਰੀਤ ਸਿੰਘ ਪੰਮਾ (ਅਸਟਰੀਆ)**

ਆਵਾਜ਼ਿ ਕੌਮ AWAZE QAUM International Newspaper & WEB TV

### ਸੰਨ 1965 ਦੀ ਜੰਗ ਦੇ ਹੀਰੋ ਤੇ ਮਹਾਂਨਾਇਕ ਸਿੱਖ ਕੌਮ ਦੇ ਮਹਾਨ ਯੋਧੇ ਜਰਨੈਲ ਤੇ ਭਾਰਤੀ ਸੈਨਾ ਦੇ ਜਨਰਲ

# ਹਰਬਖਸ਼ ਸਿੰਘ ਜੀ ਦਾ ਯਾਦਗਾਰੀ ਦਿਵਸ ਮਨਾਇਆ ਗਿਆ-ਸੋਨੂੰ ਜੰਡਿਆਲਾ



**ਜੰਡਿਆਲਾ ਗੁਰੂ, 28 ਅਪ੍ਰੈਲ ( ਕੁਲਵੰਤ ਸਿੰਘ ਵਿਰਦੀ )**-ਸਿੱਖ ਕੌਮ ਦੇ ਮਹਾਨ ਯੋਧੇ ਜਰਨੈਲ ਅਤੇ ਭਾਰਤੀ ਸੈਨਾ ਦੇ ਜਨਰਲ ਸ. ਹਰਬਖਸ਼ ਸਿੰਘ ਜੀ ਦੀ ਯਾਦ ਵਿੱਚ ਅੱਜ ਅੰਮ੍ਰਿਤਸਰ ਦੀ ਪਵਿੱਤਰ ਧਰਤੀ 'ਤੇ ਵਾਤਾਵਰਨ ਦਿਵਸ ਸਿੱਖ ਆਗੂ ਸਰਬਜੀਤ ਸਿੰਘ ਸੋਨੂੰ ਜੰਡਿਆਲਾ ਦੀ ਅਗਵਾਈ ਹੇਠ ਬੜੀ ਸ਼ਰਧਾਂ ਤੇ ਉਤਸ਼ਾਹ ਨਾਲ ਮਨਾਇਆ ਗਿਆ। ਜਿਸ ਵਿੱਚ ਆਰਮੀ ਦੇ ਸਾਬਕਾ ਫੌਜੀਆਂ ਨੇ ਵੀ ਵੱਧ-ਚੜ੍ਹ ਕਿ ਸਾਥ ਦਿੱਤਾ। ਇਸ ਮੌਕੇ ਪ੍ਰਦੂਸ਼ਨ ਬੋਰਡ, ਜੰਗਲਾਤ ਵਿਭਾਗ, ਖੇਤੀਬਾੜੀ ਵਿਭਾਗ, ਅਤੇ ਨਹਿਰੀ ਵਿਭਾਗ ਵੱਲੋਂ ਸਵੱਛ ਅਭਿਆਨ 'ਤਹਿਤ ਬੇਟੀ, ਬਚਾਓ ਬੇਟੀ ਪੜ੍ਹਾਓ' 'ਧੀਆਂ ਬਚਾਓ, ਰੁੱਖ ਲਗਾਓ ਅਤੇ ਭਰੂਣ ਹੱਤਿਆ ਸਬੰਧੀ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਮੌਕੇ ਧਰਮ ਪ੍ਰਚਾਰ ਕਮੇਟੀ ਵੱਲੋਂ ਫਰੀ ਕਿਤਾਬਾਂ ਵੀ ਵੰਡੀਆਂ ਗਈਆਂ ਅਤੇ ਦਸਤਾਰ ਬੰਦੀ ਮੁਕਾਬਲੇ ਤੇ ਗਤਕੇ ਦੇ ਜੌਹਰ ਵੀ ਦਿਖਾਏ ਗਏ। ਇਸ ਮੌਕੇ ਜਨਰਲ ਹਰਬਖਸ਼ ਸਿੰਘ ਜੀ ਦੀ ਯਾਦ ਵਿੱਚ ਵਾਤਾਵਰਣ ਨੂੰ ਹਰਿਆ ਭਰਿਆ ਰੱਖਣ ਲਈ ਵੱਖ-ਵੱਖ ਸ਼ਖਸ਼ੀਅਤ ਅਤੇ ਆਗੂਆਂ ਨੇ ਉਨ੍ਹਾਂ ਦੇ ਨਾਮ ਦੇ ਰੁੱਖ ਲਗਾਏ ਗਏ ਅਤੇ ਉਨ੍ਹਾਂ ਦੇ ਕਰਜ਼ਾਂ ਨੂੰ ਯਾਦ ਕੀਤਾ ਗਿਆ। ਇਸ ਮੌਕੇ ਸਿੱਖ ਆਗੂ ਅਤੇ ਸਮਾਜ ਸੇਵੀ ਸਰਬਜੀਤ ਸਿੰਘ ਸੋਨੂੰ ਜੰਡਿਆਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਦੱਸਿਆ ਕਿ ਸੰਨ 1965 ਦੀ ਜੰਗ ਦੇ ਹੀਰੋ ਤੇ ਮਹਾਂਨਾਇਕ ਸਿੱਖ ਕੌਮ ਦੇ ਮਹਾਨ ਯੋਧੇ ਜਰਨੈਲ ਤੇ ਭਾਰਤੀ ਸੈਨਾ ਦੇ ਜਨਰਲ ਹਰਬਖਸ਼ ਸਿੰਘ ਜੇਕਰ ਉਸ ਵੇਲੇ ਨਾ ਹੁੰਦੇ ਤੇ ਅੱਜ ਮਾਝੇ ਦੀ ਧਰਤੀ ਤੇ ਸਾਨੂੰ ਵੀਜ਼ਾ ਲੈ ਕੇ ਆਉਣਾ ਪੈਣਾ ਸੀ। ਉਨ੍ਹਾਂ ਕਿਹਾ ਕਿ ਐਸੀਆਂ ਸ਼ਖਸ਼ੀਅਤਾਂ ਨੂੰ ਹਮੇਸ਼ਾ ਸਾਨੂੰ ਯਾਦ ਰੱਖਣਾ ਚਾਹੀਦਾ, ਜਿੰਨਾਂ ਨੇ ਬੜੀ ਬਹਾਦਰੀ ਨਾਲ ਜੰਗਾਂ ਲੜ ਕੇ ਆਪਣੇ ਦੇਸ਼ ਦੀ ਰੱਖਿਆ ਕਰਕੇ ਆਪਣੇ ਲੋਕਾਂ ਦੀ ਹਿਫਾਜ਼ਤ ਕੀਤੀ। ਸੋਨੂੰ ਜੰਡਿਆਲਾ ਨੇ ਵਿਸ਼ੇਸ਼ ਤੌਰ 'ਤੇ ਆਰਮੀ ਦੇ ਸਾਬਕਾ ਫੌਜੀਆਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ, ਜਿੰਨ੍ਹਾਂ ਨੇ ਇਸ ਪ੍ਰੋਗਰਾਮ ਵਿੱਚ ਆਪਣਾ ਅਹਿਮ ਯੋਗਦਾਨ ਪਾਇਆ। ਇਸ ਮੌਕੇ ਦਲਬੀਰ ਸਿੰਘ ਗੋਲਡੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਕਮਾਂਡਰ ਜਸਕਰਨ ਸਿੰਘ, ਪਰਮਜੀਤ ਸਿੰਘ ਅਕਾਲੀ ਅਤੇ ਸਾਬਕਾ ਭਾਰਤੀ ਸੈਨਿਕ ਵੈਲਫੇਅਰ ਦੇ ਪ੍ਰਧਾਨ ਦਿਲਬਾਗ ਸਿੰਘ ਨੇ ਦੱਸਿਆ ਕਿ ਅਸੀਂ ਸਮਾਜ ਦੇ ਹਰ ਚੰਗੇ ਕੰਮ ਵਿੱਚ ਆਪਣਾ ਵੱਧ-ਚੜ੍ਹ ਕੇ ਯੋਗਦਾਨ ਪਾਵਾਂਗੇ ਅਤੇ ਇਸ ਤਰ੍ਹਾਂ ਦੇ ਨਾਲ ਹੀ ਸੂਰਬੀਰ ਯੋਧਿਆਂ ਦੀਆਂ ਯਾਦ ਵਿੱਚ ਦਿਨ ਮਨਾਉਂਦੇ ਰਹਾਂਗੇ। ਇਸ ਮੌਕੇ ਸਾਬਕਾ ਵਿਧਾਇਕ ਦਲਬੀਰ ਸਿੰਘ ਗੋਲਡੀ ਨੇ ਕਿਹਾ ਕਿ ਜਨਰਲ ਹਰਬਖਸ਼ ਸਿੰਘ ਜੀ ਦੀ ਯਾਦ ਵਿੱਚ ਇਕ ਸਟੇਟ ਪੱਧਰੀ ਸਮਾਗਮ ਜ਼ਿਲ੍ਹਾ ਸੰਗਰੂਰ ਵਿੱਚ ਮਨਾਇਆ ਜਾਵੇਗਾ। ਇਸ ਮੌਕੇ ਕਿਸਾਨ ਆਗੂ ਬੱਬੂ ਵਿਰਕ, ਕੈਪਟਨ ਨਨਜੀਤ ਸਿੰਘ, ਜਸਵੰਤ ਸਿੰਘ, ਨਿਰਮਲ ਸਿੰਘ, ਅਵਤਾਰ ਸਿੰਘ, ਪੰਜਾਬ ਸਿੰਘ, ਸਕੱਤਰ ਸਿੰਘ, ਬਾਜ ਸਿੰਘ, ਅੰਮ੍ਰਿਤ ਪਾਲ ਸਿੰਘ, ਹੀਰਾ ਸਿੰਘ, ਰਾਹੁਲ ਕੁਮਾਰ, ਹਰਮਨ ਸੰਧੂ, ਅਰਪਨ ਔਜਲਾ, ਜੋਗਾ ਸਿੰਘ, ਜੋਬਨਜੀਤ ਸਿੰਘ, ਰਣਜੀਤ ਸਿੰਘ, ਹਰਜੀਤ ਸਿੰਘ, ਗੁਰਜੀਤ ਸਿੰਘ, ਹਰਪ੍ਰੀਤ ਸਿੰਘ, ਸੁਖਵਿੰਦਰ ਸਿੰਘ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### 'ਪੰਜਾਬ ਸਿੱਖਿਆ ਕ੍ਰਾਂਤੀ' ਰਾਹੀਂ

# ਸਿੱਖਿਆ ਢਾਂਚੇ ਨੂੰ ਮਿਲੀ ਮਜ਼ਬੂਤੀ : ਚੇਅਰਮੈਨ ਢਿੱਲੋਂ



**ਧੂਰੀ ( ਰਣਜੀਤ ਸਿੰਘ ਪੇਧਨੀ )**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹਲਕੇ ਵਿੱਚ 'ਸਿੱਖਿਆ ਕ੍ਰਾਂਤੀ ਦੇ ਨਾਲ ਬਦਲਦਾ ਪੰਜਾਬ' ਮੁਹਿੰਮ ਅਧੀਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੂਲੋਂਵਾਲ ਵਿਖੇ ਪੂਰੇ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਮੁੱਖ ਮੰਤਰੀ ਕੈਂਪਸ ਦੇ ਇੰਚਾਰਜ ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ ਸ,ਦਲਵੀਰ ਸਿੰਘ ਢਿੱਲੋ ਚੇਅਰਮੈਨ ਲਘੂ ਉਦਯੋਗ ਨਿਗਮ ਪੰਜਾਬ ਨੇ ਕੀਤਾ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਦਾ ਮੁੱਖ ਟੀਚਾ ਹੈ ਕਿ ਹਰ ਬੱਚੇ ਨੂੰ ਸੁਰੱਖਿਅਤ ਅਤੇ ਵਧੀਆ ਸਿੱਖਿਆ ਵਾਲਾ ਵਾਤਾਵਰਣ ਮਿਲੇ ਪਿੰਡਾਂ ਦੇ ਸਕੂਲਾਂ ਨੂੰ ਸਮਾਰਟ ਸਕੂਲ ਬਣਾਉਣ ਵੱਲ ਇਹ ਇੱਕ ਵੱਡਾ ਕਦਮ ਹੈ ਉਨ੍ਹਾਂ ਕਿਹਾ ਕਿ ਸਿੱਖਿਆ ਕ੍ਰਾਂਤੀ ਤਹਿਤ ਵਿਧਾਨ ਸਭਾ ਹਲਕਾ ਧੂਰੀ ਅਧੀਨ ਆਉਂਦੇ ਸਾਰੇ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦਾ ਕਾਇਆਕਲਪ ਕੀਤਾ ਜਾ ਰਿਹਾ ਹੈ ਅਤੇ ਯੋਜਨਾਬੱਧ ਢੰਗ ਨਾਲ ਵਿਦਿਆਰਥੀਆਂ ਅਤੇ ਅਧਿਆਪਕਾਂ ਦੀਆਂ ਜਰੂਰਤਾਂ ਨੂੰ ਪੂਰਾ ਕੀਤਾ ਜਾ ਰਿਹਾ ਹੈ।ਇਸ ਮੌਕੇ ਦਰਸ਼ਨ ਸਿੰਘ ਪਾਠਕ, ਸਰਪੰਚ ਸੁਖਚੈਨ ਸਿੰਘ ਮੂਲੋਂਵਾਲ, ਸਰਪੰਚ ਦਲਵੀਰ ਸਿੰਘ ਧੰਦੀਵਾਲ, ਸਰਪੰਚ ਸੋਨੂੰ ਕੌਰ , ਸਰਪੰਚ ਜਰਨੈਲ ਸਿੰਘ ਅਲਾਲ, ਬਲਾਕ ਪ੍ਰਧਾਨ ਸੁਰਜੀਤ ਸਿੰਘ ਰਾਜੋਮਾਜਰਾ , ਹੈਂਡ ਟੀਚਰ ਰੰਜੂ ਬਾਲਾ,ਸਸੀ ਬਾਲਾ,ਰਘਵੀਰ ਕੌਰ, ਅਮਰਜੋਤ ਆਰਸੀ,ਸਵਿਤਾ ਮੈਡਮ, ਯਾਦਵਿੰਦਰ ਸਿੰਘ, ਸੰਦੀਪ ਬਾਸਲ, ਕਰਮਜੀਤ ਕੌਰ, ਦਲਜੀਤ ਕੌਰ, ਲਖਵਿੰਦਰ ਕੌਰ, ਸੁਖਵਿੰਦਰ ਕੌਰ, ਹਰਪ੍ਰੀਤ ਕੌਰ, ਹਰਪ੍ਰੀਤ ਕੌਰ, ਹਰਜੀਤ ਸਿੰਘ, ਦਲਜੀਤ ਸਿੰਘ ਅਮਨਿੰਦਰ ਸਿੰਘ,ਬਲਜਿੰਦਰ ਸਿੰਘ ਕੁਲਵੰਤ ਸਿੰਘ ,ਸੀਤਲ ਗੋਇਲ, ਮਨਜੀਤ ਸਿੰਘ, ਜਸਨ ਸਹਿਗਲ, ਭਿੰਦਾ ਵਿਰਕ, ਮਾਣਾ ਗਰੇਵਾਲ, ਬਖਸੀਸ ਸਿੰਘ ਅਲਾਲ, ਗੁਰਮੇਲ ਸਿੰਘ, ਗੁਰਪ੍ਰੀਤ ਸਿੰਘ ਰਣੀਕੇ ਅਤੇ ਸਿੱਖਿਆ ਕ੍ਰਾਂਤੀ' ਟੀਮ ਧੂਰੀ ਦੇ ਮੈਂਬਰ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸੁਖਵਿੰਦਰ ਸਿੰਘ ਅਰਜਨ ਮਾਗਾ ਹੈੱਡ ਮਾਸਟਰ ਬਣਨ ਤੇ ਨਿੱਘਾ ਸਵਾਗਤ-ਪਿੰਸੀਪਲ ਗੁਰਮੁੱਖ ਸਿੰਘ



**ਚੌਕ ਮਹਿਤਾ, 28 ਅਪ੍ਰੈਲ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸੁਖਵਿੰਦਰ ਸਿੰਘ ਜੀ ਅਰਜਨ ਮਾਗਾ ਹੈੱਡ ਮਾਸਟਰ ਸਰਕਾਰੀ ਹਾਈ ਸਕੂਲ ਚੰਨਣਕੇ ਅੰਮ੍ਰਿਤਸਰ ਦਾ ਮੋਨਟੈਂਸਰੀ ਖਾਲਸਾ ਅਕੈਡਮੀ (ਸੀਨੀਅਰ ਸੈਕੰਡਰੀ) ਅਰਜਨ ਮਾਂਗਾ ਅੰਮ੍ਰਿਤਸਰ ਵਿੱਚ ਪਹੁੰਚਣ ਤੇ ਨਿੱਘਾ ਸਵਾਗਤ ਕੀਤਾ ਗਿਆ ਇਸ ਮੌਕੇ ਪ੍ਰਿੰਸੀਪਲ ਗੁਰਮੁੱਖ ਸਿੰਘ ਅਰਜਨ ਮਾਂਗਾ ਨੇ ਕਿਹਾ ਕਿ ਪਿੰਡ ਅਰਜਨ ਮਾਂਗਾ ਦੀ ਹੋਣਹਾਰ ਸ਼ਖ਼ਸੀਅਤ ਵੱਲੋਂ ਇਸ ਮੁਕਾਮ ਤੇ ਪਹੁੰਚਣਾ ਪਿੰਡ ਲਈ ਮਾਣ ਵਾਲੀ ਗੱਲ ਹੈ ਅਤੇ ਸਰਦਾਰ ਸੁਖਵਿੰਦਰ ਸਿੰਘ ਨੇ ਇਹ ਮੁਕਾਮ ਆਪਣੀ ਮਿਹਨਤ, ਲਗਨ ਅਤੇ ਹਿੰਮਤ ਨਾਲ ਪ੍ਰਾਪਤ ਕੀਤਾ ਹੈ। ਅੱਜ ਤੋਂ ਪੰਜ ਦਹਾਕੇ ਪਹਿਲਾਂ ਇਸ ਪਿੱਛੜੇ ਪੇਂਡੂ ਖੇਤਰ ਵਿੱਚੋਂ ਆਪਣੀ ਪੜ੍ਹਾਈ ਮੁਕੰਮਲ ਕਰਕੇ ਸਿੱਖਿਆ ਦੇ ਖੇਤਰ ਵਿੱਚ ਆਉਣਾ ਇੱਕ ਵੱਖਰੀ ਮਿਸਾਲ ਅਤੇ ਅੱਜ ਦੇ ਆਧੁਨਿਕ ਸਹੂਲਤਾਂ ਵਾਲੇ ਵਿਦਿਆਰਥੀਆਂ ਲਈ ਇੱਕ ਪ੍ਰੇਰਣਾ ਦਾ ਸਰੋਤ ਹੈ। ਇਸ ਸਮੇਂ ਹੈਡ ਮਾਸਟਰ ਸੁਖਵਿੰਦਰ ਸਿੰਘ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਅਸੀਂ ਆਪਣੇ ਇਲਾਕੇ ਵਿੱਚ ਹਮੇਸ਼ਾ ਯਤਨ ਕਰਦੇ ਰਹਾਂਗੇ ਕਿ ਕੋਈ ਵੀ ਵਿਦਿਆਰਥੀ ਵਿਦਿਆ ਤੋਂ ਵਾਂਝਾ ਨਾ ਰਹੇ ਕਿਉਂਕਿ ਵਿਦਿਆ ਹੀ ਮਨੁੱਖ ਦਾ ਤੀਸਰਾ ਨੇਤਰ ਹੈ ਜੋਂ ਦੇਸ਼ , ਸਮਾਜ ਅਤੇ ਪਰਿਵਾਰ ਦੀ ਤਰੱਕੀ ਦਾ ਰਾਸਤਾ ਬਣਦਾ ਹੈ ਹੈ। ਇਸ ਮੌਕੇ ਸਰਕਾਰੀ ਮਿਡਲ ਸਕੂਲ ਅਰਜਨ ਮਾਗਾ ਦੇ ਇੰਚਾਰਜ ਡਾਕਟਰ ਮਨਮੋਹਨ ਸਿੰਘ, ਸਾਇੰਸ ਮਾਸਟਰ ਜਸਬੀਰ ਸਿੰਘ , ਮਾਸਟਰ ਰਣਜੀਤ ਸਿੰਘ ਚੰਨਣਕੇ, ਡਾਇਰੈਕਟਰ ਨਿਸ਼ਾਨ ਸਿੰਘ, ਮੈਡਮ ਸਰਬਜੀਤ ਕੌਰ, ਹਰਪਿੰਦਰ ਕੌਰ ਅਤੇ ਸਮੂਹ ਸਟਾਫ ਹਾਜ਼ਰ ਸੀ।

ਆਵਾਜ਼ਿ ਕੌਮ AWAZE QAUM International Newspaper & WEB TV

# ਬੇਦੋਸ਼ੇ ਨਿਹੱਥੇ ਸੈਲਾਨੀਆਂ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਇਆ ਗਿਆ ਨਾਲ ਹੀ ਸਗੋਂ ਕਸ਼ਮੀਰੀਆਂ ਦੇ ਪੇਟ ਤੇ ਵੀ ਲੱਤ ਮਾਰਨ ਦਾ ਕੰਮ ਕੀਤਾ-ਹੈਪੀ ਜੰਡਿਆਲਾ

ਜੰਡਿਆਲਾ ਗੁਰੂ 28 ਅਪ੍ਰੈਲ ( ਕੁਲਵੰਤ ਸਿੰਘ ਵਿਰਦੀ):- ਭੁਪਿੰਦਰ ਸਿੰਘ ਹੈਪੀ ਸ਼ਹਿਰੀ ਪ੍ਰਧਾਨ ਕਾਂਗਰਸ ਪਾਰਟੀ ਜੰਡਿਆਲਾ ਗੁਰੂ ਨੇ ਪਹਿਲਗਾਮ ਵਿੱਚ ਨਿਹੱਥੇ ਸੈਲਾਨੀਆਂ ਨੂੰ ਨਿਸ਼ਾਨਾ ਬਣਾਉਣ ਵਾਲੇ ਅੱਤਵਾਦੀ ਹਮਲੇ ਦੀ ਸਖ਼ਤ ਸ਼ਬਦਾਂ ਚ' ਨਿਖੇਧੀ ਕਰਦੇ ਹੋਏ ਕਿਹਾ ਕਿ ਕਸ਼ਮੀਰ ਵਿੱਚ ਇੱਕ ਵਾਰ ਫਿਰ ਅੱਤਵਾਦ ਦਾ ਘਿਨੌਣਾ ਚਿਹਰਾ ਦਿਖਾਈ ਦਿੱਤਾ ਹੈ। ਉਨ੍ਹਾਂ ਕਿਹਾ ਅੱਤਵਾਦੀਆਂ ਨੇ ਪਹਿਲਗਾਮ ਵਿਚ ਬੇਦੋਸ਼ੇ-ਨਿਹੱਥੇ ਸੈਲਾਨੀਆਂ ਉਪਰ ਬੇਖੌਫ ਹੋ ਕੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ ਅਤੇ ਉਹ ਇਸ ਹਮਲੇ ਨਾਲ ਸਿਰਫ਼ ਖ਼ੌਫ਼ ਹੀ ਨਹੀਂ ਪੈਦਾ ਕਰਨਾ ਚਾਹੁੰਦੇ ਸਨ ਬਲਕਿ ਵੱਡੀ ਤਾਦਾਦ ਵਿਚ ਲੋਕਾਂ ਦਾ ਖ਼ੂਨ ਵਹਾ ਕੇ ਦੁਨੀਆ ਦਾ ਧਿਆਨ ਵੀ ਖਿੱਚਣਾ ਚਾਹੁੰਦੇ ਸਨ। ਉਨ੍ਹਾਂ ਕਿਹਾ ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਅਜਿਹੇ ਸਮੇਂ ਸੈਲਾਨੀਆਂ ਨੂੰ ਨਿਸ਼ਾਨਾ ਬਣਾਇਆ ਜਿਸ ਸਮੇਂ ਅਮਰੀਕੀ ਉਪ-ਰਾਸ਼ਟਰਪਤੀ ਭਾਰਤ ਵਿਚ ਅਤੇ ਭਾਰਤੀ ਪ੍ਰਧਾਨ ਮੰਤਰੀ ਸਾਊਦੀ ਅਰਬ ਵਿਚ ਸੀ। ਉਨ੍ਹਾਂ ਨੇ ਸਿਰਫ਼ ਸੈਲਾਨੀਆਂ ਦੀ ਹੀ ਜਾਨ ਨਹੀਂ ਲਈ ਸਗੋਂ ਕਸ਼ਮੀਰੀਆਂ ਦੇ ਪੇਟ ਤੇ ਲੱਤ ਮਾਰਨ ਦਾ ਵੀ ਕੰਮ ਕੀਤਾ ਹੈ । ਉਨ੍ਹਾਂ ਕਿਹਾ ਦੇਸ ਅੰਦਰ ਅਜਿਹੀਆਂ ਦੁਖਦਾਈ ਤੇ ਬੇਕਸੂਰਾਂ ਦਾ ਕਤਲੇਆਮ ਹੋਣਾ ਬਹੁਤ ਹੀ ਘਿਨਾਉਣਾ ਤੇ ਨਿੰਦਣਯੋਗ ਹੈ ।ਇਸ ਦੁਖਾਂਤ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਜਾਂਦੀ ਹੈ ਅਤੇ ਇਸ ਹਮਲੇ ਵਿਚ ਮਰਨ ਵਾਲੇ ਪ੍ਰੀਵਾਰਾਂ ਨਾਲ ਦੁੱਖ ਸਾਂਝਾ ਕਰਦੇ ਹਾਂ ਅਤੇ ਵਾਹਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦੇ ਹਾਂ ਕਿ ਇਨ੍ਹਾਂ ਪ੍ਰੀਵਾਰਾਂ ਨੂੰ ਇਸ ਭਾਣੇ ਨੂੰ ਮੰਨਣ ਦਾ ਬਲ ਬਖਸ਼ਣ ਅਤੇ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ।



ਆਵਾਜ਼ਿ ਕੌਮ AWAZE QAUM International Newspaper & WEB TV

# ''ਚਿੱਟੇ'' ਦੇ ਘਾਤਕ ਨਸ਼ੇ ਨੇ ਨੌਜਵਾਨਾਂ ਦੀਆਂ ਜ਼ਿੰਦਗੀਆਂ ਕੀਤੀਆਂ ਬਰਬਾਦ : ਭਾਨ ਸਿੰਘ ਜੱਸੀ

## ਪਿੰਡ ਟਿੱਬਾ ਵਿਖੇ ਨਸ਼ਿਆਂ ਵਿਰੁੱਧ ਕੀਤੀ ਜਾਗਰਤੀ ਰੈਲੀ



**ਸ਼ੇਰਪੁਰ (ਰਣਜੀਤ ਸਿੰਘ ਪੇਧਨੀ )**-ਸ਼ੇਰਪੁਰ ਬਲਾਕ ਦੇ ਪਿੰਡ ਟਿੱਬਾ ਵਿਖੇ ਸਮਾਜ ਸੇਵੀ ਭਾਨ ਸਿੰਘ ਜੱਸੀ ਦੀ ਅਗਵਾਈ ਵਿੱਚ "ਨਸ਼ਿਆਂ ਵਿਰੁੱਧ " ਜਾਗਰਤੀ ਰੈਲੀ ਕੀਤੀ ਗਈ, ਜਿਸ ਵਿੱਚ ਦਰਜਣਾ ਮਾਵਾਂ , ਭੈਣਾਂ , ਨੌਜਵਾਨਾਂ ਅਤੇ ਬਜ਼ੁਰਗਾਂ ਨੇ ਸਮੂਲੀਅਤ ਕੀਤੀ। ਭਰਵੀ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਸਮਾਜ ਸੇਵੀ ਭਾਨ ਸਿੰਘ ਜੱਸੀ ਨੇ ਦੁੱਖ ਪ੍ਰਗਟ ਕੀਤਾ ਕਿ ਗੁਰੂਆਂ , ਭਗਤਾਂ ਅਤੇ ਇਨਕਲਾਬੀ ਯੋਧਿਆਂ ਦੀ ਧਰਤੀ ਉੱਤੇ ਨਸ਼ਿਆਂ ਦਾ ਪਸਾਰਾ ਹੋਣਾ ਮੰਦਭਾਗੀ ਗੱਲ ਹੈ ਜਦਕਿ ਪਹਿਲੋਂ ਹੀ ਚਿੱਟੇ ਵਰਗੇ ਘਾਤਕ ਨਸੇ ਨੇ ਹਜ਼ਾਰਾਂ ਨੌਜਵਾਨਾਂ ਦੀਆਂ ਜ਼ਿੰਦਗੀਆਂ ਬਰਬਾਦ ਕਰ ਦਿੱਤੀਆਂ ਹਨ। ਉਹਨਾਂ ਕਿਹਾ ਕਿ ਜੇਕਰ ਇੰਝ ਹੀ ਚਲਦਾ ਰਿਹਾ ਤਾਂ ਪੰਜਾਬ ਦੇ ਨੌਜਵਾਨਾਂ ਦਾ ਭਵਿੱਖ ਖਤਰੇ ਦੇ ਡੂੰਘੇ ਸਮੁੰਦਰ ਵਿੱਚ ਡੁੱਬ ਜਾਵੇਗਾ। ਸਮਾਜ ਸੇਵੀ ਭਾਨ ਸਿੰਘ ਜੱਸੀ ਨੇ ਸਰਕਾਰਾਂ ਤੋਂ ਮੰਗ ਕੀਤੀ ਕਿ ਨੌਜਵਾਨ ਵਰਗ ਨੂੰ ਨਸ਼ਿਆਂ ਵਰਗੀਆਂ ਭੈੜੀਆਂ ਅਲਾਮਤਾਂ ਤੋਂ ਦੂਰ ਰੱਖਣ ਲਈ ਵੱਡੀਆਂ ਜਾਂ ਮਿਨੀ ਫੈਕਟਰੀਆਂ ਲਗਾਕੇ ਉਹਨਾਂ ਵਿੱਚ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜਗਾਰ ਦੇਣ ਦੀ ਯੋਜਨਾ ਨੂੰ ਅਮਲੀ ਜਾਮਾ ਪਹਿਨਾਇਆ ਜਾਵੇ। ਉਹਨਾਂ ਕਿਹਾ ਕਿ ਸਮਾਜ ਪ੍ਰਤੀ ਚਿੰਤਾ ਰੱਖਣ ਵਾਲੀਆਂ ਸਮਾਜ ਸੇਵੀ ਅਤੇ ਜਮਹੂਰੀ ਜਥੇਬੰਦੀਆਂ ਆਪਸੀ ਤਾਲਮੇਲ ਨੂੰ ਮਜਬੂਤ ਕਰਦੇ ਹੋਏ ਪੰਜਾਬ ਦੇ ਇਕੱਲੇ ਇਕੱਲੇ ਪਿੰਡ ਵਿੱਚ ਨਸਿਆਂ ਵਿਰੁੱਧ ਜਾਗਰਤੀ ਮੀਟਿੰਗਾਂ ਕਰਨ ਦੀ ਪਹਿਲ ਕਰਨ ਤਾਂ ਜੋ ਨਸ਼ੇ ਦੇ ਦੈਂਤ ਨੂੰ ਨੱਥ ਪਾਈ ਜਾ ਸਕੇ। ਇਸ ਮੌਕੇ ਰਾਮਪਾਲ ਸਿੰਘ, ਪਾਲੀ ਸਿੰਘ , ਡਾਕਟਰ ਸ਼ਮਸ਼ੇਰ ਸਿੰਘ , ਨਛੱਤਰ ਸਿੰਘ , ਰਾਮ ਸਿੰਘ ਆਦਿ ਸ਼ਖਸੀਅਤਾਂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਮੁੱਖ ਮੰਤਰੀ ਦੀ ਅੰਮ੍ਰਿਤਸਰ ਫੇਰੀ ਤੇ ਸਵਾਲ ਕਰਨ ਜਾਣਗੇ

# ਕਣਕ ਦੇ ਖ਼ਰਾਬੇ ਅਤੇ ਹੋਰ ਮੰਗਾਂ ਸਬੰਧੀ ਡੀਸੀ ਦਫਤਰਾਂ ਨੂੰ ਦਿੱਤੇ ਜਾਣਗੇ ਮੰਗ ਪੱਤਰ


ਸੰਯੁਕਤ ਕਿਸਾਨ ਮੋਰਚਾ (ਗੈਰ ਰਾਜਨੀਤਿਕ)
ਕਿਸਾਨ ਮਜ਼ਦੂਰ ਮੋਰਚਾ
संयुक्त किसान मोर्चा (गैर राजनीतिक)
किसान मजदूर मोर्चा
SANYUKT KISAN MORCHA (NON POLITICAL)
KISAN MAJDOOR MORCHA

Ref No.............. Date: 27/04/2025

माननीय शिवराज सिंह चौहान जी
कृषि मंत्री, भारत

[illegible]

धन्यवाद
संयुक्त किसान मोर्चा (गैर-राजनीतिक) एवम किसान मजदूर मोर्चा

[illegible]


पूर्ण चन्द्र किशन, भा.प्र.से.
Purna Chandra Kishan, IAS
Joint Secretary

भारत सरकार
कृषि एवं किसान कल्याण मंत्रालय
कृषि एवं किसान कल्याण विभाग
Government of India
Ministry of Agriculture & Farmers Welfare
Department of Agriculture & Farmers Welfare

डी.ओ.नं. 22015/17/2024- M.II (153323) दिनांक: 2[illegible].04..2025

महोदय,

यह एसकेम (गैर राजनैतिक) एवं किसान मजदूर मोर्चा (केएमएम) के नेताओं के साथ पिछली बैठक के क्रम में है जो कि 19/03/2025 को चंडीगढ़ में हुई थी।

2. इस क्रम में किसान संघों की मांगों के सम्बन्ध में भारत सरकार एवं पंजाब सरकार के मंत्रियों के साथ एक बैठक दिनांक 04/05/2025 को दोपहर 02.00 बजे महात्मा गाँधी इंस्टिट्यूट ऑफ पब्लिक एडमिनिस्ट्रेशन पंजाब (एमजीएसआईपीए), सेक्टर-26, चंडीगढ़ में आयोजित की गयी है। आप बैठक में सादर आमंत्रित है, कृपया नियत समय पर उपस्थित होने का कष्ट करें।

आपका विश्वसनीय
(पूर्ण चंद्र किशन)

श्री जगजीत सिंह डल्लेवाल जी,
संयुक्त किसान मोर्चा (गैर राजनैतिक) फोरम एवं
श्री सरवन सिंह पंधेर जी (किसान मजदूर मोर्चा) फोरम




**ਚੰਡੀਗੜ੍ਹ, 28 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਕਿਸਾਨ ਮਜ਼ਦੂਰ ਮੋਰਚਾ ਭਾਰਤ ਦੇ ਕੋਆਡਿਨੇਟਰ ਸਰਵਣ ਸਿੰਘ ਪੰਧੇਰ ਨੇ ਵਾਘਾ ਬਾਰਡਰ ਤੋਂ ਪ੍ਰੈਸ ਕਾਨਫਰੰਸ ਕਰਕੇ ਜਾਣਕਾਰੀ ਦਿੰਦਿਆਂ ਦੱਸਿਆ ਕਿ 2 ਮਈ ਨੂੰ ਮੁੱਖ ਮੰਤਰੀ ਪੰਜਾਬ ਕਿਸੇ ਸਿਆਸੀ ਪ੍ਰੋਗਰਾਮ ਤਹਿਤ ਅੰਮ੍ਰਿਤਸਰ ਪਹੁੰਚ ਰਹੇ ਹਨ, ਜਿਸ ਤੇ ਫੋਰਮ ਦੇ ਫੈਸਲੇ ਅਨੁਸਾਰ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਕਿਸਾਨ ਮਜ਼ਦੂਰ ਉਹਨਾਂ ਨੂੰ ਸਵਾਲ ਕਰਨ ਲਈ ਅੰਮ੍ਰਿਤਸਰ ਪਹੁੰਚਣਗੇ । ਉਹਨਾਂ ਦੱਸਿਆ ਕਿ 2 ਮਈ ਨੂੰ ਹੀ ਕਣਕ ਦੀ ਫਸਲ ਤੇ ਗੜੇਮਾਰੀ ਅਤੇ ਅੱਗ ਲੱਗਣ ਕਾਰਨ ਹੋਏ ਨੁਕਸਾਨ ਨੂੰ ਦੇਖਦੇ ਹੋਏ ਪ੍ਰਤੀ ਏਕੜ 50 ਹਜਾਰ ਰੁਪਏ ਮੁਆਵਜ਼ਾ ਬਾਰਡਰਾਂ ਤੇ ਕਿਸਾਨ ਅੰਦੋਲਨ 2 ਤੇ ਹਮਲਾ ਕਰਕੇ ਬਾਰਡਰਾਂ ਤੋਂ ਚੋਰੀ ਕੀਤੇ ਗਏ ਸਾਰੇ ਸਮਾਨ ਦੀ ਭਰਪਾਈ, ਕਣਕ ਦੀ ਖਰੀਦ ਦੇ ਚਾਲੂ ਸੀਜਨ ਦੌਰਾਨ ਮੰਡੀਆਂ ਵਿੱਚ ਕਿਸਾਨ ਕੋਲੋਂ ਖਰਚਾ ਜੇ ਫਾਰਮ ਅਨੁਸਾਰ ਕੱਟੇ ਜਾਣ ਸਮੇਤ ਹੋਰ ਮਹੱਤਵਪੂਰਨ ਮੰਗਾਂ ਨੂੰ ਲੈ ਕੇ 2 ਮਈ ਨੂੰ ਪੰਜਾਬ ਅੰਦਰ ਸਾਰੇ ਡੀਸੀ ਦਫਤਰਾਂ ਵਿੱਚ ਮੰਗ ਪੱਤਰ ਦਿੱਤੇ ਜਾਣਗੇ। ਉਹਨਾਂ ਕਿਹਾ ਕਿ ਸ਼ੰਭੂ ਅਤੇ ਖਨੌਰੀ ਬਾਰਡਰ ਤੋਂ ਉਖਾੜਨ ਵੇਲੇ ਬਲਵੰਤ ਸਿੰਘ ਬਹਿਰਾਮ ਕੇ ਪ੍ਰਧਾਨ ਬੀਕੇਯੂ ਬਹਿਰਾਮਕੇ ਤੇ ਅਚਨਚੇਤ 20 ਮਾਰਚ ਨੂੰ ਥਾਣਾ ਸ਼ੰਭੂ ਦੇ ਐਸ ਐਚ ਓ ਹਰਪ੍ਰੀਤ ਸਿੰਘ ਵੱਲੋਂ ਪੁਲਿਸ ਬਲ ਲੈ ਕੇ ਹਮਲਾ ਕਰਕੇ ਸੱਟਾ ਮਾਰੀਆਂ ਗਈਆਂ ਅਤੇ ਕਿਸਾਨਾਂ ਮਜ਼ਦੂਰਾਂ ਤੇ ਅੱਤਿਆਚਾਰ ਕੀਤਾ ਗਿਆ, ਇਸ ਜਬਰ ਦੇ ਵਿਰੁੱਧ 6 ਮਈ ਨੂੰ ਦੋਨਾਂ ਫੋਰਮਾਂ ਵੱਲੋਂ ਥਾਣਾ ਸ਼ੰਭੂ ਦਾ ਘਰਾਓ ਕੀਤਾ ਜਾਵੇਗਾ। ਉਹਨਾਂ ਕਿਹਾ ਕਿ 4 ਮਈ ਦੀ ਕੇਂਦਰ ਦੇ ਮੰਤਰੀਆਂ ਨਾਲ ਕਿਸਾਨ ਅੰਦੋਲਨ ਦੀਆਂ ਮੰਗਾਂ ਸਬੰਧੀ ਮੀਟਿੰਗ ਲਈ ਦੋਨਾਂ ਫੋਰਮਾਂ ਵੱਲੋਂ ਕੇਂਦਰ ਨੂੰ ਚਿੱਠੀ ਲਿਖ ਕੇ ਸੂਚਿਤ ਕਰ ਦਿੱਤਾ ਗਿਆ ਹੈ ਕਿ ਦੋਨਾਂ ਫੋਰਮਾਂ ਨੇ ਫੈਸਲਾ ਕੀਤਾ ਹੈ ਕਿ ਪੰਜਾਬ ਸਰਕਾਰ ਵੱਲੋਂ ਅੰਦੋਲਨ ਨਾਲ ਕੀਤੇ ਵਰਤਾਰੇ ਕਾਰਨ, ਅਗਰ ਪੰਜਾਬ ਸਰਕਾਰ ਦਾ ਕੋਈ ਵੀ ਮੰਤਰੀ ਮੀਟਿੰਗ ਵਿੱਚ ਬੈਠਦਾ ਹੈ ਤਾਂ ਅਸੀਂ ਮੀਟਿੰਗ ਵਿਚ ਨਹੀਂ ਸ਼ਾਮਿਲ ਹੋਵਾਂਗੇ ਅਤੇ ਇਸ ਮੀਟਿੰਗ ਦਾ ਬਾਈਕਾਟ ਕੀਤਾ ਜਾਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

### 6 ਮਈ ਨੂੰ ਥਾਣਾ ਸ਼ੰਭੂ ਦਾ ਹੋਵੇਗਾ ਘਿਰਾਓ, ਕੇਂਦਰ ਨੂੰ ਲਿਖੀ ਜਵਾਬੀ ਚਿੱਠੀ

## ਸਹਾਇਕ ਥਾਣੇਦਾਰ ਹਰਮਿੰਦਰ ਸਿੰਘ ਪੀ.ਸੀ.ਆਰ ਇੰਚਾਰਜ ਨਿਯੁਕਤ

ਧੂਰੀ ( ਰਣਜੀਤ ਸਿੰਘ ਪੇਧਨੀ ) ਜ਼ਿਲ੍ਹਾ ਪੁਲਿਸ ਮੁਖੀ ਸੰਗਰੂਰ ਵੱਲੋਂ ਸਹਾਇਕ ਥਾਣੇਦਾਰ ਹਰਮਿੰਦਰ ਸਿੰਘ ਨੂੰ ਧੂਰੀ ਦਾ ਪੀ ਸੀ ਆਰ ਇੰਚਾਰਜ ਨਿਯੁਕਤ ਕੀਤਾ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਰਮਿੰਦਰ ਸਿੰਘ ਨੇ ਕਿਹਾ ਕਿ ਉਹ ਜਿੱਥੇ ਆਪਣੀ ਡਿਊਟੀ ਨੂੰ ਇਮਾਨਦਾਰੀ ਮਿਹਨਤ ਅਤੇ ਤਨਦੇਹੀ ਨਾਲ ਨਿਭਾਉਣਗੇ ਉੱਥੇ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਕਿਸੇ ਵੀ ਕੀਮਤ ਤੇ ਬਖਸ਼ਿਆ ਨਹੀਂ ਜਾਵੇਗਾ। ਉਹਨਾਂ ਲੋਕਾਂ ਨੂੰ ਆਪਣਾ ਵਹੀਕਲਾਂ ਦੇ ਕਾਗਜ਼ ਪੱਤਰ ਪੂਰੇ ਕਰਨ ਦੀ ਅਪੀਲ ਕਰਦਿਆਂ ਕਿਹਾ ਉਹ ਨਾਬਾਲਗ ਬੱਚੀਆਂ ਦੇ ਮਾਤਾ ਪਿਤਾ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਵ੍ਹੀਕਲ ਨਾ ਚਲਾਉਣ ਦੇਣ ਤਾਂ ਕਿ ਕਿਸੇ ਵੀ ਅਨਸੁਖਾਵੀ ਘਟਨਾ ਤੋਂ ਬਚਿਆ ਜਾ ਸਕੇ। ਉਨਾ ਕਿਹਾ ਕਿ ਉੱਚ ਅਧਿਕਾਰੀਆਂ ਦੇ ਹੁਕਮਾਂ ਤੇ ਜਿੱਥੇ ਸ਼ਹਿਰ ਅੰਦਰ ਆਵਾਜਾਈ ਵਿੱਚ ਪੈ ਰਹੇ ਵਿਘਨ ਨੂੰ ਦੂਰ ਕਰਵਾਇਆ ਜਾਵੇਗਾ। ਥਾਣੇਦਾਰ ਹਰਮਿੰਦਰ ਸਿੰਘ ਨੇ ਸ਼ਹਿਰ ਦੇ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਦੁਕਾਨਾਂ ਦੇ ਬਾਹਰ ਸਮਾਨ ਨਾ ਰੱਖਣ, ਉਹਨਾਂ ਕਿਹਾ ਕਿ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਲੋਕਾਂ ਨੂੰ ਪੁਲਿਸ ਦਾ ਸਾਥ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ ਉਹ ਪੁਲਿਸ ਲੋਕਾਂ ਦੇ ਸਹਿਯੋਗ ਤੋਂ ਬਗੈਰ ਕੁਝ ਨਹੀਂ ਕਰ ਸਕਦੀ ਅਤੇ ਪੁਲਿਸ ਦੇ ਕੰਮਕਾਰ ਵਿੱਚ ਪੁਲਿਸ ਦਾ ਹੱਥ ਵਡਮੁੱਲਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਤੁਹਾਡੇ ਆਸ ਪਾਸ ਨਸ਼ਾ ਵੇਚਦਾ ਹੈ ਤਾਂ ਉਹ ਪੁਲਿਸ ਨੂੰ ਸੂਚਨਾ ਦੇਣ, ਉਨ੍ਹਾਂ ਕਿਹਾ ਕਿ ਪੁਲੀਸ ਵੱਲੋਂ ਉਨ੍ਹਾਂ ਦਾ ਨਾਂ ਗੁਪਤ ਰੱਖਿਆ ਜਾਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV



## ਕੈਬਿਨਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਅੱਜ ਜੰਡਿਆਲਾ ਹਲਕੇ ਵਿੱਚ ਕੀਤੇ 5.75 ਕਰੋੜ ਰੁਪਏ ਦੇ ਕੰਮਾਂ ਦੇ ਉਦਘਾਟਨ



**ਜੰਡਿਆਲਾ ਗੁਰੂ, 28 ਅਪ੍ਰੈਲ ( ਕੁਲਵੰਤ ਸਿੰਘ ਵਿਰਦੀ )**-ਲੋਕ ਨਿਰਮਾਣ ਅਤੇ ਬਿਜਲੀ ਵਿਭਾਗ ਦੇ ਕੈਬਿਨਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਅੱਜ ਆਪਣੇ ਵਿਧਾਨ ਸਭਾ ਹਲਕੇ ਵਿੱਚ ਪੌਣੇ ਛੇ ਕਰੋੜ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਕੰਮਾਂ ਦੀ ਸ਼ੁਰੂਆਤ ਵੱਖ-ਵੱਖ ਪਿੰਡਾਂ ਵਿੱਚ ਕੀਤੀ। ਅੱਜ ਸ਼ੁਰੂ ਕੀਤੇ ਗਏ ਮੁੱਖ ਕੰਮਾਂ ਵਿੱਚ ਪਿੰਡ ਦਬੁਰਜੀ ਵਿਖੇ 67 ਲੱਖ ਰੁਪਏ, ਪਿੰਡ ਸੈਦੋਕੇ ਵਿਖੇ 97 ਲੱਖ ਰੁਪਏ, ਪਿੰਡ ਖੱਬੇ ਰਾਜਪੂਤਾਂ ਵਿਖੇ ਦੋ ਕਰੋੜ 17 ਲੱਖ ਰੁਪਏ ਅਤੇ ਮਹਿਤਾ ਚੌਂਕ ਵਿਖੇ 86 ਲੱਖ ਰੁਪਏ ਤੋਂ ਇਲਾਵਾ ਹੋਰ ਪਿੰਡਾਂ ਦੇ ਵਿੱਚ ਕੰਮਾਂ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਹੋਏ ਪਿੰਡਾਂ ਵਿੱਚ ਹੋਏ ਇਕੱਠਾਂ ਨੂੰ ਸੰਬੋਧਨ ਕਰਦੇ ਕੈਬਨਿਟ ਮੰਤਰੀ ਨੇ ਕਿਹਾ ਕਿ ਇਹ ਤੁਹਾਡੀ ਸਰਕਾਰ ਹੈ, ਜਿਸ ਕਰਕੇ ਖਜ਼ਾਨੇ ਦਾ ਮੂੰਹ ਤੁਹਾਡੇ ਵੱਲ ਖੁੱਲਿਆ ਹੈ । ਉਹਨਾਂ ਕਿਹਾ ਕਿ ਤੁਸੀਂ ਪਿਛਲੀਆਂ ਸਰਕਾਰਾਂ ਦਾ ਰਾਜ ਵੀ ਵੇਖਿਆ ਹੈ, ਜਿਨਾਂ ਨੇ ਪਿੰਡਾਂ , ਪਿੰਡਾਂ ਦੇ ਸਕੂਲਾਂ ਦੀ ਸਾਰ ਤੱਕ ਨਹੀਂ ਸੀ ਲਈ ਅਤੇ ਅੱਜ ਤੁਹਾਡੀ ਬਣਾਈ ਹੋਈ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦਾ ਇੱਕ ਇੱਕ ਪੈਸਾ ਤੁਹਾਡੇ ਉੱਤੇ ਖਰਚ ਕਰ ਰਹੀ ਹੈ। ਉਹਨਾਂ ਕਿਹਾ ਕਿ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਇੱਛਾ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਦੀ ਹੈ ਅਤੇ ਪੰਜਾਬ ਪਿੰਡਾਂ ਦਾ ਦੇਸ਼ ਹੈ, ਇਸ ਲਈ ਸਾਡੀ ਕੋਸ਼ਿਸ਼ ਹੈ ਕਿ ਪਿੰਡਾਂ ਦੇ ਵਿੱਚ ਉਹ ਸਭ ਸਹੂਲਤਾਂ ਦਿੱਤੀਆਂ ਜਾਣ ਜੋ ਕਿ ਅੱਜ ਦੇ ਸਮੇਂ ਦੀ ਲੋੜ ਹਨ। ਉਹਨਾਂ ਕਿਹਾ ਕਿ ਪਿੰਡਾਂ ਦੇ ਵਿੱਚ ਗੰਦੇ ਪਾਣੀ ਦਾ ਨਿਕਾਸ, ਖੇਡ ਮੈਦਾਨਾਂ ਨੂੰ ਵਿਕਸਿਤ ਕਰਨਾ, ਕੂੜੇ ਪ੍ਰਬੰਧਨ ਦੇ ਕੰਮ ਕਰਨੇ ਅਤੇ ਪਿੰਡਾਂ ਦੇ ਵਿੱਚ ਬਿਹਤਰ ਸਿਹਤ- ਸਿੱਖਿਆ ਸਹੂਲਤਾਂ ਦੇਣੀਆਂ ਸਾਡੀ ਅੱਜ ਦੀ ਤਰਜੀਹ ਹਨ। ਸਰਕਾਰ ਇਸ ਉੱਤੇ ਕੰਮ ਕਰ ਰਹੀ ਹੈ ਅਤੇ ਆਉਣ ਵਾਲੇ ਸਾਲਾਂ ਵਿੱਚ ਵੀ ਖਜ਼ਾਨੇ ਦਾ ਮੂੰਹ ਲੋਕਾਂ ਲਈ ਖੁੱਲਿਆ ਰਹੇਗਾ।ਉਹਨਾਂ ਕਿਹਾ ਕਿ ਤੁਸੀਂ ਮੈਨੂੰ ਜੋ ਤਾਕਤ ਦਿੱਤੀ ਹੈ, ਉਸ ਤਾਕਤ ਦੀ ਵਰਤੋਂ ਮੈਂ ਤੁਹਾਡੇ ਲਈ ਕਰ ਰਿਹਾ ਹਾਂ। ਉਹਨਾਂ ਕਿਹਾ ਕਿ ਮੈਂ ਜੰਡਿਆਲਾ ਹਲਕੇ ਦਾ ਦੇਣ ਨਹੀਂ ਦੇ ਸਕਦਾ, ਜਿਨਾਂ ਨੇ ਮੈਨੂੰ ਵਿਧਾਇਕ ਬਣਾਇਆ ਤੇ ਸਾਡੀ ਪਾਰਟੀ ਨੇ ਅੱਗੋਂ ਕੈਬਨਿਟ ਮੰਤਰੀ ਦਾ ਦਰਜਾ ਦੇ ਕੇ ਜੰਡਿਆਲਾ ਹਲਕੇ ਦਾ ਮਾਣ ਵਧਾਇਆ।

ਆਵਾਜ਼ਿ ਕੌਮ AWAZE QAUM International Newspaper & WEB TV

## ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਜੰਡਿਆਲਾ ਹਲਕੇ ਦੇ ਪਿੰਡਾਂ ਵਿੱਚ 80 ਲੱਖ ਰੁਪਏ ਤੋਂ ਵੱਧ ਦੇ ਕੰਮ ਕੀਤੇ ਬੱਚਿਆਂ ਨੂੰ ਸਮਰਪਿਤ

### ਸਿੱਖਿਆ ਦੇ ਖੇਤਰ ਵਿੱਚ ਨਹੀਂ ਰਹਿਣ ਦਿੱਤੀ ਜਾਵੇਗੀ ਕੋਈ ਕਮੀ



**ਜੰਡਿਆਲਾ ਗੁਰੂ, 28 ਅਪ੍ਰੈਲ ( ਕੁਲਵੰਤ ਸਿੰਘ ਵਿਰਦੀ)**-ਕੈਬਨਿਟ ਮੰਤਰੀ ਸ ਹਰਭਜਨ ਸਿੰਘ ਈਟੀਓ ਨੇ ਅੱਜ ਆਪਣੇ ਹਲਕੇ ਜੰਡਿਆਲਾ ਗੁਰੂ ਵਿੱਚ ਵਿਕਾਸ ਕੰਮਾਂ ਦੇ ਨਵੇਂ ਅਧਿਆਏ ਦੀ ਸ਼ੁਰੂਆਤ ਕਰਦੇ ਹੋਏ ਸਿੱਖਿਆ ਕ੍ਰਾਂਤੀ ਪ੍ਰੋਗਰਾਮ ਤਹਿਤ 7 ਸਕੂਲਾਂ ਵਿੱਚ 80 ਲੱਖ ਰੁਪਏ ਤੋਂ ਵੱਧ ਦੇ ਕੰਮ ਬੱਚਿਆਂ ਨੂੰ ਸਮਰਪਿਤ ਕੀਤੇ ।ਉਹਨਾਂ ਨੇ ਅੱਜ ਸਰਕਾਰੀ ਐਲੀਮੈਂਟਰੀ ਸਕੂਲ ਦਬੁਰਜੀ, ਸਰਕਾਰੀ ਐਲੀਮੈਂਟਰੀ ਸਕੂਲ ਚੁੰਗ, ਸਰਕਾਰੀ ਮਿਡਲ ਸਕੂਲ ਚੁੰਗ, ਸਰਕਾਰੀ ਐਲੀਮੈਂਟਰੀ ਸਕੂਲ ਸੈਦੋਕੇ, ਸਰਕਾਰੀ ਐਲੀਮੈਂਟਰੀ ਸਕੂਲ ਖੱਬੇ ਰਾਜਪੂਤਾਂ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੱਬੇ ਰਾਜਪੂਤਾਂ, ਸਰਕਾਰੀ ਐਲੀਮੈਂਟਰੀ ਸਕੂਲ ਮਹਿਤਾ ਚੌਂਕ ਅਤੇ ਸਰਕਾਰੀ ਮਿਡਲ ਸਕੂਲ ਮਹਿਤਾ ਚੌਂਕ ਵਿਖੇ ਨਵੇਂ ਕਲਾਸ ਰੂਮ, ਸਕੂਲ ਦੀਆਂ ਚਾਰ ਦਵਾਰੀਆਂ ਅਤੇ ਹੋਰ ਨਵੇਂ ਹੋਏ ਕੰਮ ਬੱਚਿਆਂ ਬੱਚਿਆਂ ਨੂੰ ਸੌਂਪੇ। ਇਸ ਮੌਕੇ ਹੋਏ ਬੱਚਿਆਂ ਅਤੇ ਪਿੰਡ ਦੇ ਪਤਵੰਤਿਆਂ ਦੇ ਇਕੱਠਾਂ ਨੂੰ ਸੰਬੋਧਨ ਕਰਦੇ ਹੋਏ ਕੈਬਨਿਟ ਮੰਤਰੀ ਨੇ ਕਿਹਾ ਕਿ ਪੜ੍ਹਾਈ ਆਦਮੀ ਦੀ ਤਰੱਕੀ ਵਿੱਚ ਕਿੰਨਾ ਵੱਡਾ ਯੋਗਦਾਨ ਪਾ ਸਕਦੀ ਹੈ, ਇਹ ਮੇਰੇ ਵਰਗੇ ਆਦਮੀ ਤੋਂ ਪੁੱਛਿਆ ਜਾ ਸਕਦਾ ਹੈ। ਉਹਨਾਂ ਕਿਹਾ ਕਿ ਅੱਜ ਮੈਂ ਜਿਸ ਵੀ ਰੁਤਬੇ ਉੱਤੇ ਹਾਂ, ਇਹ ਪੜ੍ਹਾਈ ਦੀ ਬਦੌਲਤ ਹੈ। ਉਹਨਾਂ ਕਿਹਾ ਕਿ ਮੈਂ ਜਿਸ ਸਕੂਲ ਵਿੱਚ ਪੜ੍ਹਿਆ, ਉਸ ਸਕੂਲ ਵਿੱਚ ਪੜ੍ਹਾਉਣ ਦਾ ਮੌਕਾ ਵੀ ਮੈਨੂੰ ਮਿਲਿਆ, ਉਸ ਸਕੂਲ ਵਿੱਚ ਹੁਣ ਬਤੌਰ ਮੁੱਖ ਮਹਿਮਾਨ ਬਣਨ ਦਾ ਮੌਕਾ ਵੀ ਮਿਲਦਾ ਰਹਿੰਦਾ ਹੈ। ਇਹ ਸਭ ਤਾਂ ਸੰਭਵ ਹੋਇਆ ਹੈ ਕਿ ਮੈਂ ਆਪਣੇ ਅਧਿਆਪਕਾਂ ਦਾ ਸਤਿਕਾਰ ਅਤੇ ਉਨਾਂ ਦੇ ਕਹੇ ਉੱਤੇ ਪੂਰਨੇ ਪਾਉਣੇ ਨਹੀਂ ਭੁੱਲਿਆ। ਉਹਨਾਂ ਕਿਹਾ ਕਿ ਮੈਂ ਦਿਵਾਲੀ ਵਾਲੇ ਦਿਨ ਮੈਂ ਆਪਣੇ ਸਕੂਲ ਜਾ ਕੇ ਦੀਪਮਾਲਾ ਕਰਨੀ ਨਹੀਂ ਭੁੱਲਦਾ, ਜਿਸ ਨੇ ਮੇਰੀ ਜਿੰਦਗੀ ਵਿੱਚ ਰੌਸ਼ਨੀ ਲਿਆਂਦੀ ਹੈ । ਉਹਨਾਂ ਕਿਹਾ ਕਿ ਮੇਰੇ ਵਾਂਗ ਸਾਰੇ ਪੰਜਾਬੀਆਂ ਦੇ ਘਰ, ਪਰਿਵਾਰ, ਪਿੰਡ, ਕਸਬੇ ਤਾਂ ਹੀ ਰੁਸ਼ਨਾਏ ਜਾਣਗੇ ਜੇਕਰ ਅਸੀਂ ਪੜ ਲਿਖ ਜਾਵਾਂਗੇ। ਉਹਨਾਂ ਕਿਹਾ ਕਿ ਇੱਕ ਪੜ੍ਹਿਆ ਲਿਖਿਆ ਪਰਿਵਾਰ ਦਾ ਜੀਅ ਸਾਰੇ ਟੱਬਰ ਦੀ ਤਰੱਕੀ ਦਾ ਮਲਾਹ ਬਣ ਜਾਂਦਾ ਹੈ, ਸੋ ਆਓ ਸਾਰੇ ਸਰਕਾਰੀ ਸਕੂਲਾਂ ਵਿੱਚ ਦਿੱਤੀਆਂ ਸਹੂਲਤਾਂ ਦਾ ਲਾਭ ਲੈਂਦੇ ਹੋਏ ਆਪਣੇ ਬੱਚਿਆਂ ਨੂੰ ਪੜਾਈਏ ਤਾਂ ਜੋ ਇਹਨਾਂ ਦਾ ਭਵਿੱਖ ਰੌਸ਼ਨ ਹੋਵੇ।

ਉਹਨਾਂ ਕਿਹਾ ਕਿ ਕਿੱਥੇ ਉਹ ਸਾਡੇ ਵੇਲੇ ਸਨ, ਜਦੋਂ ਸਕੂਲਾਂ ਵਿੱਚ ਬੈਠਣ ਲਈ ਬੈਂਚ ਵੀ ਨਹੀਂ ਸਨ ਹੁੰਦੇ ਅਤੇ ਅੱਜ ਉਹਨਾਂ ਹੀ ਸਰਕਾਰੀ ਸਕੂਲਾਂ ਵਿੱਚ ਡਿਜੀਟਲ ਸਕਰੀਨਾਂ, ਸੋਹਣੀਆਂ ਲਾਇਬਰੇਰੀਆਂ, ਲੈਬ, ਬੈਠਣ ਲਈ ਵਧੀਆ ਫਰਨੀਚਰ, ਸ਼ਾਨਦਾਰ ਕਮਰੇ ਅਤੇ ਹੋਰ ਉਹ ਸਾਰੀਆਂ ਸਹੂਲਤਾਂ ਹਨ, ਜੋ ਕਿ ਸ਼ਹਿਰਾਂ ਦੇ ਵੱਡੇ ਵੱਡੇ ਸਕੂਲ ਮੋਟੀਆਂ ਫੀਸਾਂ ਲੈ ਕੇ ਦੇ ਰਹੇ ਹਨ। ਉਹਨਾਂ ਮਾਪਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਆਪਣੇ ਬੱਚੇ ਪੜ੍ਹਾਉਣ ਲਈ ਵੀ ਪ੍ਰੇਰਿਤ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV